ਬੁੱਧਵਾਰ, 5 ਜੁਲਾਈ, 2023
21 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 34

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 5 JULY, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਕੈਪਟਨ ਸਰਕਾਰ ਨੇ ਅਨਸਾਰੀ ਦੇ ਪੁੱਤਾਂ ਨੂੰ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅਲਾਟ ਕੀਤੀ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖ਼ਤਰਨਾਕ ਗੈਂਗਸਟਰ ਮੁਖ਼ਤਾਰ ਅਨਸਾਰੀ ਨਾਲ ਕਥਿਤ ਗੰਢ-ਤੁੱਪ ਸੰਬੰਧੀ ਸਨਸਨੀਖ਼ੇਜ਼ ਖੁਲਾਸਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਕਿਹਾ ਕਿ ਭਾਜਪਾ ਆਗੂ ਨੇ ਅਨਸਾਰੀ ਦੇ ਪੁੱਤਾਂ ਨੂੰ ਰੂਪਨਗਰ ਵਿੱਚ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅਲਾਟ ਕੀਤੀ ਸੀ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੈਪਟਨ ਭਾਵੇਂ ਵਾਰ-ਵਾਰ ਅਨਸਾਰੀ ਨੂੰ ਨਾ ਜਾਣਦਾ ਹੋਣ ਦੇ ਦਾਅਵੇ ਕਰ ਰਹੇ ਹਨ, ਪਰ ਇਹ ਕਿੰਨੀ ਹੈਰਾਨੀਜਨਕ ਗੱਲ ਹੈ ਕਿ ਕੈਪਟਨ ਸਰਕਾਰ ਨੇ ਇਸ ਗੈਂਗਸਟਰ ਦੀ ਨਾ ਸਿਰਫ਼ ਜੇਲ੍ਹ ਵਿੱਚ ਠਹਿਰ ਨੂੰ ਆਰਾਮਦਾਇਕ ਬਣਾਇਆ, ਸਗੋਂ ਉਸ ਨੂੰ ਰੂਪਨਗਰ ਵਿੱਚ ਮਹਿੰਗੀ ਜ਼ਮੀਨ ਵੀ ਦਿੱਤੀ। ਉਨ੍ਹਾਂ ਕੈਪਟਨ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਦੱਸਣ ਕਿ ਉਨ੍ਹਾਂ ਦੀ ਸਾਂਝ-ਭਿਆਲੀ ਤੋਂ ਬਿਨਾਂ ਰੂਪਨਗਰ ਵਿੱਚ ਵਕਫ਼ ਬੋਰਡ ਦੀ ਮਹਿੰਗੀ ਜ਼ਮੀਨ ਅਨਸਾਰੀ ਦੇ ਪੁੱਤਰਾਂ ਅੱਬਾਸ ਤੇ ਉਮਰ ਅਨਸਾਰੀ ਨੂੰ ਕਿਵੇਂ ਮਿਲ ਗਈ। ਭਗਵੰਤ ਮਾਨ ਨੇ ਕਿਹਾ ਕਿ ਜੇ ਕੈਪਟਨ ਚਾਹੁੰਦੇ ਹਨ ਤਾਂ ਉਹ ਕੈਪਟਨ ਦੀ ਅਨਸਾਰੀ ਨਾਲ ਸਾਂਝ ਬਾਰੇ ਆਉਣ ਵਾਲੇ ਦਿਨਾਂ ਵਿੱਚ ਹੋਰ ਸਬੂਤ ਵੀ ਦੇ ਦੇਣਗੇ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਖ਼ਤਰਨਾਕ ਗੈਂਗਸਟਰ ਮੁਖ਼ਤਾਰ ਅਨਸਾਰੀ ਦੇ ਮੁੱਦੇ ਬਾਰੇ ਅਣਜਾਣਤਾ ਦਾ ਢਕਵੰਜ ਕਰਨ ਤੋਂ ਪਹਿਲਾਂ ਭਾਜਪਾ ਆਗੂ ਨੂੰ ਆਪਣੇ ਪੁੱਤ ਰਣਇੰਦਰ ਸਿੰਘ ਤੋਂ ਜ਼ਰੂਰ ਪੁੱਛਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਰਣਇੰਦਰ ਕਈ ਵਾਰ ਅਨਸਾਰੀ ਨੂੰ ਮਿਲਿਆ ਸੀ, ਪਰ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਨੂੰ ਗੁੰਮਰਾਹ ਕਰਨ ਲਈ ਕੈਪਟਨ ਇਸ ਮੁੱਦੇ ਉਤੇ ਝੂਠ ਬੋਲ ਰਹੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਅਨਸਾਰੀ ਨੂੰ ਜੇਲ੍ਹ ਵਿੱਚ ਵੀ ਵੀ ਆਈ ਪੀ ਸਹੂਲਤਾਂ ਦੇਣ ਲਈ ਉੱਤਰ ਪ੍ਰਦੇਸ਼ ਤੋਂ ਪੰਜਾਬ ਲਿਆਂਦਾ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਉੱਤਰ ਪ੍ਰਦੇਸ਼ ਪੁਲਸ ਨੇ ਇਸ ਗੈਂਗਸਟਰ ਦੀ ਹਿਰਾਸਤ ਲੈਣ ਲਈ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਤਾਂ ਪੰਜਾਬ ਸਰਕਾਰ ਨੇ ਉਸ ਨੂੰ ਬਚਾਉਣ ਲਈ ਬਹੁਤ ਜ਼ਿਆਦਾ ਫੀਸ ਉਤੇ ਵਕੀਲਾਂ ਦੀਆਂ ਸੇਵਾਵਾਂ ਲਈਆਂ।

ਮੁੱਖ ਮੰਤਰੀ ਨੇ ਕਿਹਾ ਕਿ ਇਸ 55 ਲੱਖ ਰੁਪਏ ਦੀ ਰਿਕਵਰੀ ਯਕੀਨੀ ਤੌਰ ਉਤੇ ਕੈਪਟਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ ਕੀਤੀ ਜਾਵੇਗੀ। ਕੈਪਟਨ ਦੇ ਦਾਅਵੇ ਕਿ ਉਹ ਸਾਢੇ 9 ਸਾਲ ਸੂਬੇ ਦੇ ਮੁੱਖ ਮੰਤਰੀ ਰਹੇ ਹਨ, ਉੱਤੇ ਟਿੱਪਣੀ ਕਰਦਿਆਂ ਭਗਵੰਤ ਮਾਨ ਨੇ ਉਨ੍ਹਾਂ ਨੂੰ ਚੇਤੇ ਕਰਵਾਇਆ ਕਿ ਸਾਬਕਾ ਮੁੱਖ ਮੰਤਰੀ ਨੇ ਆਪਣੇ ● ਬਾਕੀ ਸਫ਼ਾ 2 'ਤੇ

## ਗੈਰ-ਕਾਨੂੰਨੀ ਟਰੈਵਲ ਏਜੰਟਾਂ ਖਿਲਾਫ ਇਮੀਗ੍ਰੇਸ਼ਨ ਐਕਟ 'ਚ ਜ਼ਰੂਰੀ ਸੋਧਾਂ ਹੋਣਗੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਮਨੁੱਖੀ ਤਸਕਰੀ ਵਿਰੋਧੀ ਯੂਨਿਟ ਨੂੰ ਹੋਰ ਮਜ਼ਬੂਤ ਬਣਾਉਣ ਲਈ ਹਾਈਟੈੱਕ 16 ਮਹਿੰਦਰਾ ਬੋਲੈਰੋ ਗੱਡੀਆਂ ਅਤੇ 56 ਮੋਟਰਸਾਈਕਲਾਂ ਦੇ ਕਾਫਲੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਹਰੀ ਝੰਡੀ ਦਿਖਾਉਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਇਹ ਉਪਰਾਲਾ ਮਨੁੱਖੀ ਤਸਕਰੀ ਦੇ ਅਣਮਨੁੱਖੀ ਅਮਲ ਨੂੰ ਰੋਕਣ ਲਈ ਸੂਬਾ ਸਰਕਾਰ ਦੀ ਮੁਹਿੰਮ ਦਾ ਹਿੱਸਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ● ਬਾਕੀ ਸਫ਼ਾ 2 'ਤੇ

## ਸੁੱਕੇ ਪ੍ਰਸ਼ਾਦਿਆਂ ਦੇ ਘਪਲੇ 'ਚ 52 ਮੁਅੱਤਲ

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਰਾਮਦਾਸ ਲੰਗਰ 'ਚ ਸੁੱਕੇ ਪ੍ਰਸ਼ਾਦਿਆਂ ਦੇ ਘਪਲੇ 'ਚ 52 ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ 'ਚ ਮੈਨੇਜਰ ਪੱਧਰ ਦੇ ਕਈ ਅਧਿਕਾਰੀ ਅਤੇ ਹੋਰ ਹੇਠਲੇ ਅਧਿਕਾਰੀ ਸ਼ਾਮਲ ਹਨ। ਇਸ ਤੋਂ ਪਹਿਲਾਂ 2 ਸਟੋਰ ਕੀਪਰ ਮੁਅੱਤਲ ਕੀਤੇ ਗਏ ਸਨ। ਫਲਾਇੰਗ ਵਿਭਾਗ ਦੀ ਜਾਂਚ ਰਿਪੋਰਟ ਮਿਲਣ ਤੋਂ ਬਾਅਦ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਕਾਰਵਾਈ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੇ ਮੁਤਾਬਕ ਲੰਗਰ ਘਰ ਦੇ ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ ਦੀ ਰਕਮ ਨਾ ਜਮ੍ਹਾਂ ਕਰਾਉਣ ਦਾ ਇਹ ਮਾਮਲਾ ਕੋਰੋਨਾ ਕਾਲ ਵੇਲੇ ਦੇ 2019 ਤੋਂ ਲੈ ਕੇ 2021 ਦਾ ਹੈ। ਇਸ ਸਮੇਂ ਦੌਰਾਨ ਸੁੱਕੇ ਅਤੇ ਬਚੇ ਹੋਏ ਪ੍ਰਸ਼ਾਦੇ ਵੇਚੇ ਗਏ, ਪਰ ਉਸ ਦੀ ਰਕਮ ਜਮ੍ਹਾਂ ਨਹੀਂ ਕਰਵਾਈ। ਘਪਲਾ 60 ਤੋਂ 70 ਲੱਖ ਰੁਪਏ ਦਾ ਦੱਸਿਆ ਜਾ ਰਿਹਾ ਹੈ। ਇਸ ਮਾਮਲੇ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ 'ਤੇ ਸਵਾਲੀਆ ਚਿੰਨ੍ਹ ਲਾਇਆ ਸੀ।

## ਲੂਣ ਦੇ ਨਾਂਅ 'ਤੇ ਨਸ਼ਾ ਮੰਗਾਉਣ ਵਾਲੇ ਭਰਾਵਾਂ ਦੀ ਜਾਇਦਾਦ ਕੁਰਕ

**ਨਵੀਂ ਦਿੱਲੀ :** ਕੌਮੀ ਜਾਂਚ ਏਜੰਸੀ ਨੇ ਅੰਮ੍ਰਿਤਸਰ ਜ਼ਿਲ੍ਹੇ 'ਚ ਨਸ਼ੀਲੇ ਪਦਾਰਥਾਂ ਦੇ ਅੱਤਵਾਦ ਦੇ ਮਾਮਲੇ 'ਚ ਦੋ ਭਰਾਵਾਂ ਦੇ ਘਰ ਨੂੰ ਕੁਰਕ ਕਰ ਲਿਆ ਹੈ। ਦੋਵੇਂ ਭਰਾਵਾਂ ਬਿਕਰਮਜੀਤ ਸਿੰਘ ਉਰਫ ਬਿਕਰਮ ਸਿੰਘ ਅਤੇ ਮਨਿੰਦਰ ਸਿੰਘ ਉਰਫ ਮਨੀ ਦੀ ਰਿਹਾਇਸ਼ੀ ਜਾਇਦਾਦ ਨੂੰ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀ ਧਾਰਾ 25 (1) ਦੇ ਤਹਿਤ ਅੱਤਵਾਦ ਦੀ ਕਮਾਈ ਵਜੋਂ ਕੁਰਕ ਕੀਤਾ ਗਿਆ ਹੈ। ਦੋਹਾਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਇਨ੍ਹਾਂ 'ਤੇ ਸਰਹੱਦ ਪਾਰੋਂ ਲੂਣ ਦੇ ਓਹਲੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦਾ ਦੋਸ਼ ਹੈ। ਤਸਕਰੀ ਕੀਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀ ਕਮਾਈ ਪੰਜਾਬ 'ਚ ਚੱਲ ਅਤੇ ਅਚੱਲ ਜਾਇਦਾਦ ਬਣਾਉਣ ਲਈ ਵਰਤੀ ਜਾ ਰਹੀ ਸੀ। ਇਸ ਤੋਂ ਇਲਾਵਾ ਕਸ਼ਮੀਰ ਘਾਟੀ 'ਚ ਹਿਜਬ-ਉਲ-ਮੁਜਾਹਦੀਨ ਦੇ ਅੱਤਵਾਦੀਆਂ ਨੂੰ ਫੰਡ ਦਿੱਤਾ ਜਾ ਰਿਹਾ ਸੀ। ਏਜੰਸੀ ਵੱਲੋਂ ਇਸ ਤੋਂ ਪਹਿਲਾਂ 60 ਕਨਾਲ 10 ਮਰਲੇ ਜ਼ਮੀਨ, 6 ਵਾਹਨ ਅਤੇ 6,35,000 ਰੁਪਏ ਵੀ ਜ਼ਬਤ ਕੀਤੇ ਗਏ ਹਨ।

# ਮੁਹਾਲੀ ਰੈਲੀ 'ਚ ਏਟਕ ਵੱਡੀ ਗਿਣਤੀ 'ਚ ਸ਼ਾਮਲ ਹੋਵੇਗੀ : ਧਾਲੀਵਾਲ, ਬਰਾੜ



**ਲੁਧਿਆਣਾ (ਭਾਟੀਆ, ਕਥੂਰੀਆ, ਸ਼ਰਮਾ)**

ਏਟਕ ਪੰਜਾਬ ਦੀ ਮੀਟਿੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਪ੍ਰਧਾਨ ਬੰਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਮੁੱਖ ਏਜੰਡਾ 4 ਯੂਨੀਅਨਾਂ ਏਟਕ ਪੰਜਾਬ, ਹਿੰਦ ਮਜ਼ਦੂਰ ਸਭਾ, ਸੀ ਟੀ ਯੂ ਪੰਜਾਬ ਅਤੇ ਇੰਟਕ ਪੰਜਾਬ ਵੱਲੋਂ ਘੱਟੋ-ਘੱਟ ਉਜਰਤ ਨੂੰ ਲੈ ਕੇ ਲੇਬਰ ਦਫਤਰ ਮੁਹਾਲੀ ਵਿਖੇ 14 ਜੁਲਾਈ ਨੂੰ ਕੀਤੀ ਜਾ ਰਹੀ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਸੰਬੰਧੀ ਸੀ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਏਟਕ ਪੰਜਾਬ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਮਜ਼ਦੂਰਾਂ ਨੂੰ ਭੁੱਖੇ ਮਰਨ ਦੀਆਂ ਨੀਤੀਆਂ ਦਾ ਡਟਵਾਂ ਵਿਰੋਧ ਕਰਨ ਲਈ ਘੱਟੋ-ਘੱਟ ਉਜਰਤ 26000 ਰੁਪਏ ਮਹੀਨਾ ਕਰਵਾਉਣ ਲਈ ਅਤੇ ਮਜ਼ਦੂਰਾਂ ਦੀਆਂ ਹੋਰ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਪੰਜਾਬ ਦੀਆਂ ਪ੍ਰਮੁੱਖ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਰੈਲੀ ਕੀਤੀ ਜਾ ਰਹੀ ਹੈ। ਮੁੱਖ ਮੰਗਾਂ ਵਿੱਚ ਗੈਰ-ਹੁਨਰਮੰਦ ਮਜ਼ਦੂਰ ਦੀ ਘੱਟੋ-ਘੱਟ ਤਨਖਾਹ 26000/ ਅਤੇ ਇਸੇ ਅਨੁਪਾਤ ਨਾਲ ਉਪਰਲੀਆਂ ਕੈਟਾਗਰੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ, ਹਾਈਟੈੱਕ ਭੱਠਿਆਂ ਦੇ ਕਿਰਤੀਆਂ ਦੀਆਂ ਘੱਟੋ-ਘੱਟ ਤਨਖਾਹਾਂ ਕਿਰਤ ਕਮਿਸ਼ਨਰ ਪੰਜਾਬ ਵੱਲੋਂ ਬਣਾਈ ਗਈ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਤੈਅ ਕੀਤੀਆਂ ਜਾਣ, ਆਂਗਣਵਾੜੀ ਵਰਕਰਾਂ, ਹੈਲਪਰਾਂ ਅਤੇ ਆਸ਼ਾ ਵਰਕਰਾਂ ਨੂੰ ਵਰਕਰ ਦਾ ਦਰਜਾ ਦੇ ਕੇ ਘੱਟੋ-ਘੱਟ ਉਜਰਤਾਂ ਦੇ ਘੇਰੇ ਵਿੱਚ ਲਿਆਂਦਾ ਜਾਵੇ, ਲੇਬਰ ਕਾਨੂੰਨਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ, ਮਜ਼ਦੂਰ ਵਿਰੋਧੀ 4 ਲੇਬਰ ਕਾਰਡ ਰੱਦ ਕੀਤੇ ਜਾਣ, ਠੇਕਾ ਭਰਤੀ/ ਆਊਟਸੋਰਸ ਵਰਕਰਾਂ ਨੂੰ ਬਿਨਾਂ ਭੇਦਭਾਵ ਦੇ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਨਰੇਗਾ ਵਰਕਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਅਤੇ ਸਾਲਾਨਾ 200 ਦਿਨ ਕੰਮ ਦਿੱਤਾ ਜਾਵੇ। ਮਨਰੇਗਾ ਸਕੀਮ ਸ਼ਹਿਰਾਂ ਵਿਚ ਵੀ ਲਾਗੂ ਕੀਤੀ ਜਾਵੇ, ਰਜਿਸਟਰਡ ਲਾਭਪਾਤਰੀ ਉਸਾਰੀ ਮਜ਼ਦੂਰਾਂ ਦੀ ਮੌਤ ਉਪਰੰਤ ਐੱਕਸ ਗਰੇਸੀਆ ਦੀ ਰਕਮ 2 ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਕੀਤੀ ਜਾਵੇ, ਆਯੂਸ਼ਮਾਨ ਇਲਾਜ ਕਾਰਡ ਬੰਦ ਕਰਕੇ ਲਾਭਪਾਤਰੀਆਂ ਨੂੰ ਇਲਾਜ ਦੇ ਪੂਰੇ ਪੈਸੇ ਦਿੱਤੇ ਜਾਣ, ਲਾਭਪਾਤਰੀ ਰਜਿਸਟ੍ਰੇਸ਼ਨ ਸਮੇਂ ਨਾਂਅ ਅਤੇ ਬੈਂਕ ਖਾਤੇ ਦੀ ਦਰੁਸਤੀ ਦੇ ਅਧਿਕਾਰ ਏ ਐੱਲ ਸੀ ਅਧਿਕਾਰੀ ਨੂੰ ਦਿੱਤੇ ਜਾਣ, ਲਾਭ ਸਕੀਮਾਂ ਦੇ ਸਾਰੇ ਸਾਰੇ ਪੈਂਡਿੰਗ ਅਤੇ ਡੀ ਬੀ ਟੀ ਕੇਸਾਂ ਦਾ ਨਿਪਟਾਰਾ ਕਰਨ ਲਈ ਸਮਾਂ-ਸੀਮਾ ਤੈਅ ਕੀਤੀ ਜਾਵੇ, ਹਰ ਤਹਿਸੀਲ ਵਿੱਚ ਲਾਭਪਾਤਰੀ ਸਕੀਮਾਂ ਪਾਸ ਕਰਨ ਲਈ ਮਹੀਨੇ ਵਿੱਚ ਇੱਕ ਮੀਟਿੰਗ ਲਾਜ਼ਮੀ ਕੀਤੀ ● ਬਾਕੀ ਸਫ਼ਾ 2 'ਤੇ

# ਮੋਗਾ ਨਗਰ ਨਿਗਮ 'ਤੇ ਆਪ ਦਾ ਕਬਜ਼ਾ



**ਮੋਗਾ (ਅਮਰਜੀਤ ਬੱਬਰੀ)**

ਮੋਗਾ ਪੰਜਾਬ ਦੀ ਪਹਿਲੀ ਨਗਰ ਨਿਗਮ ਬਣ ਜਾਵੇਗੀ, ਜਿੱਥੇ 'ਆਪ' ਦਾ ਮੇਅਰ ਬਣੇਗਾ। ਮੰਗਲਵਾਰ 'ਆਪ' ਨੇ ਬੇਭਰੋਸਗੀ ਮਤਾ ਲਿਆ ਕੇ ਕਾਂਗਰਸ ਦੀ ਮੇਅਰ ਨੀਤਿਕਾ ਭੱਲਾ ਨੂੰ ਕੁਰਸੀ ਤੋਂ ਲਾਹ ਦਿੱਤਾ। ਮੋਗਾ ਦੀ ਵਿਧਾਇਕ ਅਮਨਦੀਪ ਕੌਰ ਅਰੋੜਾ ਤੇ ਧਰਮਕੋਟ ਦੇ ਵਿਧਾਇਕ ਦਵਿੰਦਰ ਸਿੰਘ ਲਾਡੀ ਢੋਸ ਦੀ ਨਿਗਰਾਨੀ ਹੇਠ 50 ਕੌਂਸਲਰਾਂ ਵਿੱਚੋਂ 41 ਕੌਂਸਲਰਾਂ ਨੇ ਭੱਲਾ ਦੇ ਖਿਲਾਫ ਬੇਭਰੋਸਗੀ ਮਤੇ 'ਤੇ ਵੋਟ ਪਾਈ। ਇਸ ਤੋਂ ਬਾਅਦ ਭੱਲਾ ਨੇ ਅਸਤੀਫਾ ਦੇ ਦਿੱਤਾ। 37 ਸਾਲਾ ਨੀਤਿਕਾ ਭੱਲਾ 13 ਮਈ 2021 ਨੂੰ ਮੋਗਾ ਦੀ ਪਹਿਲੀ ਮਹਿਲਾ ਮੇਅਰ ਬਣੀ ਸੀ।

'ਆਪ' ਵਿਧਾਇਕ ਡਾ. ● ਬਾਕੀ ਸਫ਼ਾ 2 'ਤੇ

## ਕਮਰਸ਼ੀਅਲ ਸਿਲੰਡਰ 7 ਰੁਪਏ ਮਹਿੰਗਾ

**ਨਵੀਂ ਦਿੱਲੀ :** ਜਨਤਕ ਖੇਤਰ ਦੀਆਂ ਤੇਲ ਮਾਰਕੀਟਿੰਗ ਕੰਪਨੀਆਂ ਨੇ ਕਮਰਸ਼ੀਅਲ ਐੱਲ ਪੀ ਜੀ ਗੈਸ ਸਿਲੰਡਰ ਦੀ ਕੀਮਤ 'ਚ 7 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਕੀਤਾ ਹੈ। ਹੁਣ ਦਿੱਲੀ 'ਚ 19 ਕਿੱਲੋ ਦੇ ਸਿਲੰਡਰ ਦੀ ਪ੍ਰਚੂਨ ਵਿਕਰੀ ਕੀਮਤ 1,780 ਰੁਪਏ ਹੋ ਗਈ ਹੈ। ਘਰੇਲੂ ਐੱਲ ਪੀ ਜੀ ਸਿਲੰਡਰ ਦੀਆਂ ਕੀਮਤਾਂ 'ਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।

## ਟਰੱਕ ਦੀਆਂ ਬ੍ਰੇਕਾਂ ਫੇਲ੍ਹ, 10 ਮੌਤਾਂ

**ਮੁੰਬਈ :** ਮਹਾਰਾਸ਼ਟਰ ਦੇ ਧੂਲੇ ਜ਼ਿਲ੍ਹੇ 'ਚ ਮੰਗਲਵਾਰ ਕੰਟੇਨਰ ਟਰੱਕ ਦੇ ਚਾਰ ਵਾਹਨਾਂ ਨੂੰ ਟੱਕਰ ਮਾਰਨ ਮਗਰੋਂ ਹਾਈਵੇਅ 'ਤੇ ਸਥਿਤ ਢਾਬੇ 'ਚ ਜਾ ਵੱਜਣ ਨਾਲ ਘੱਟੋ-ਘੱਟ 10 ਵਿਅਕਤੀਆਂ ਦੀ ਮੌਤ ਹੋ ਗਈ ਅਤੇ 20 ਤੋਂ ਵੱਧ ਜ਼ਖਮੀ ਹੋ ਗਏ। ਹਾਦਸਾ ਮੁੰਬਈ-ਆਗਰਾ ਹਾਈਵੇਅ 'ਤੇ ਪਲਾਸਨੇਰ ਪਿੰਡ ਨੇੜੇ ਸਵੇਰੇ 10.45 ਵਜੇ ਹੋਇਆ। ਪੁਲਸ ਮੁਤਾਬਕ ਟਰੱਕ ਦੀਆਂ ਬ੍ਰੇਕਾਂ ਫੇਲ੍ਹ ਹੋ ਗਈਆਂ ਸਨ। ਉਸ ਨੇ ਦੋ ਮੋਟਰਸਾਈਕਲਾਂ, ਇੱਕ ਕਾਰ ਅਤੇ ਦੂਜੇ ਕੰਟੇਨਰ ਨੂੰ ਪਿਛਲੇ ਪਾਸੇ ਤੋਂ ਟੱਕਰ ਮਾਰ ਦਿੱਤੀ। ਫਿਰ ਹਾਈਵੇਅ 'ਤੇ ਬੱਸ ਸਟਾਪ ਨੇੜੇ ਢਾਬੇ ਵਿਚ ਜਾ ਵੱਜਾ ਅਤੇ ਪਲਟ ਗਿਆ। ਪੀੜਤਾਂ 'ਚ ਸਟਾਪ 'ਤੇ ਬੱਸ ਦੀ ਉਡੀਕ ਕਰਨ ਵਾਲੇ ਕੁਝ ਲੋਕ ਵੀ ਸ਼ਾਮਲ ਹਨ।

## 51 ਵਿਧਾਇਕਾਂ ਨੇ ਪਵਾਰ ਨੂੰ ਭਾਜਪਾ ਨਾਲ ਚੱਲਣ ਲਈ ਕਿਹਾ ਸੀ : ਪਟੇਲ

**ਮੁੰਬਈ :** ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਨੇਤਾ ਪ੍ਰਫੁੱਲ ਪਟੇਲ ਨੇ ਦਾਅਵਾ ਕੀਤਾ ਹੈ ਕਿ ਮਹਾਰਾਸ਼ਟਰ 'ਚ ਮਹਾ ਵਿਕਾਸ ਅਗਾੜੀ ਦੀ ਸਰਕਾਰ ਡਿੱਗਣ ਤੋਂ ਬਾਅਦ ਪਾਰਟੀ ਦੇ 53 ਵਿਧਾਇਕਾਂ 'ਚੋਂ 51 ਨੇ ਪਾਰਟੀ ਪ੍ਰਧਾਨ ਸ਼ਰਦ ਪਵਾਰ ਨੂੰ ਭਾਜਪਾ ਨਾਲ ਹੱਥ ਮਿਲਾਉਣ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ ਸੀ। ਪਟੇਲ, ਜੋ ਐੱਨ ਸੀ ਪੀ ਤੋਂ ਵੱਖ ਹੋ ਕੇ ਅਜੀਤ ਪਵਾਰ ਨਾਲ ਸੱਤਾਧਾਰੀ ਭਾਜਪਾ-ਸ਼ਿਵ ਸੈਨਾ ਗੱਠਜੋੜ 'ਚ ਸ਼ਾਮਲ ਹੋਏ, ਨੇ ਕਿਹਾ ਕਿ ਜੇ ਐੱਨ ਸੀ ਪੀ, ਸ਼ਿਵ ਸੈਨਾ ਨਾਲ ਸਰਕਾਰ ਬਣਾ ਸਕਦੀ ਹੈ, ਤਾਂ ਭਾਜਪਾ ਨਾਲ ਕਿਉਂ ਨਹੀਂ।

## ਭਾਰਤੀ ਸਫੀਰਾਂ ਨੂੰ ਧਮਕੀਆਂ 'ਤੇ ਕੈਨੇਡੀਅਨ ਹਾਈ ਕਮਿਸ਼ਨਰ ਤਲਬ

**ਨਵੀਂ ਦਿੱਲੀ :** ਭਾਰਤ ਨੇ ਕੈਨੇਡਾ 'ਚ ਭਾਰਤੀ ਡਿਪਲੋਮੈਟਾਂ ਨੂੰ ਧਮਕੀਆਂ ਦੇਣ ਵਾਲੇ ਪੋਸਟਰਾਂ ਕਾਰਨ ਨਵੀਂ ਦਿੱਲੀ 'ਚ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਕਰਕੇ ਜਸਟਿਨ ਟਰੂਡੋ ਸਰਕਾਰ ਨੂੰ ਨੋਟਿਸ ਭੇਜਿਆ ਹੈ। ਸੂਤਰਾਂ ਮੁਤਾਬਕ ਭਾਰਤ ਨੇ ਸੋਮਵਾਰ 8 ਜੁਲਾਈ ਨੂੰ ਹੋਣ ਵਾਲੀ ਖਾਲਿਸਤਾਨ ਪੱਖੀ ਰੈਲੀ ਦੀ ਜਾਣਕਾਰੀ ਦੇ ਨਾਲ ਕੈਨੇਡਾ 'ਚ ਸੋਸ਼ਲ ਮੀਡੀਆ 'ਤੇ ਪ੍ਰਸਾਰਤ ਹੋ ਰਹੇ ਖਾਲਿਸਤਾਨੀ ਪੱਖੀ ਪੋਸਟਰਾਂ 'ਚ ਆਪਣੇ ਡਿਪਲੋਮੈਟਾਂ ਨੂੰ ਦਿੱਤੀਆਂ ਧਮਕੀਆਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਕੱਟੜਪੰਥੀਆਂ ਵੱਲੋਂ ਕਥਿਤ ਤੌਰ 'ਤੇ ਪੋਸਟਰਾਂ 'ਚ ਕੈਨੇਡਾ 'ਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਅਤੇ ਭਾਰਤ ਦੇ ਕੌਂਸਲੇਟ ਜਨਰਲ ਟੋਰਾਂਟੋ ਅਪੂਰਵਾ ਸ੍ਰੀਵਾਸਤਵ ਦਾ ਨਾਂਅ ਲਿਖਿਆ ਗਿਆ ਹੈ ਅਤੇ ਉਨ੍ਹਾਂ 'ਤੇ ਜੂਨ 'ਚ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੇ ਕਤਲ 'ਚ ਭੂਮਿਕਾ ਨਿਭਾਉਣ ਦਾ ਦੋਸ਼ ਲਗਾਇਆ ਗਿਆ ਹੈ।

## ਸਾਨ ਫਰਾਂਸਿਸਕੋ 'ਚ ਭਾਰਤੀ ਕੌਂਸਲਖਾਨਾ ਸਾੜਨ ਦੀ ਕੋਸ਼ਿਸ਼

**ਨਿਊਯਾਰਕ :** ਖਾਲਿਸਤਾਨ ਸਮਰਥਕਾਂ ਵੱਲੋਂ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ ਨੂੰ ਅੱਗ ਲਾਉਣ ਦੀ ਕੋਸ਼ਿਸ਼ ਦੀ ਅਮਰੀਕੀ ਸਰਕਾਰ ਨੇ ਸਖਤ ਨਿਖੇਧੀ ਕਰਦਿਆਂ ਇਸ ਨੂੰ ਅਪਰਾਧਕ ਕਾਰਵਾਈ ਕਰਾਰ ਦਿੱਤਾ ਹੈ। ਕੁਝ ਮਹੀਨਿਆਂ ਦੇ ਅੰਦਰ ਸਾਨ ਫਰਾਂਸਿਸਕੋ 'ਚ ਕਿਸੇ ਕੂਟਨੀਤਕ ਮਿਸ਼ਨ 'ਤੇ ਅਜਿਹਾ ਦੂਜਾ ਹਮਲਾ ਹੈ। ਖਾਲਿਸਤਾਨ ਸਮਰਥਕਾਂ ਨੇ ਟਵਿੱਟਰ 'ਤੇ 2 ਜੁਲਾਈ ਦੀ ਵੀਡੀਓ ਸਾਂਝੀ ਕੀਤੀ, ਜਿਸ 'ਚ ਕੁਝ ਲੋਕ ਭਾਰਤੀ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰਦੇ ਦੇਖੇ ਜਾ ਸਕਦੇ ਹਨ। ਵੀਡੀਓ 'ਚ ਹਿੰਸਾ ਹਿੰਸਾ ਦਾ ਜਵਾਬ ਹੈ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ 'ਚ ਕੈਨੇਡਾ ਸਥਿਤ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਦੀ ਮੌਤ ਨਾਲ ਸੰਬੰਧਤ ਖਬਰਾਂ ਵੀ ਦਿਖਾਈਆਂ ਗਈਆਂ।

## ਅੱਜ-ਨਾਮਾ

ਬਜ਼ੁਰਗਾਂ ਬਾਰੇ ਸਰਕਾਰ ਫਿਰ ਸੋਚ ਕੀਤੀ,
ਸੁਰੱਖਿਆ ਬਾਬਿਆਂ ਦੀ ਜਾਊ ਕਰੀ ਭਾਈ।
ਬਣਾਏ ਨਿਯਮ-ਕਾਨੂੰਨ ਨੇ ਬਹੁਤ ਪਹਿਲਾਂ,
ਗੱਲ ਨਹੀਂ ਉਨ੍ਹਾਂ ਦੇ ਵਿੱਚ ਸੀ ਖਰੀ ਭਾਈ।
ਔਖੇ ਸਮੇਂ ਵਿੱਚ ਪੁੱਛਣ ਨਹੀਂ ਧੀ-ਪੁੱਤਰ,
ਮੁਸ਼ਕਲਾਂ ਭੁਗਤਦੇ ਜਾਂਦੇ ਆ ਮਰੀ ਭਾਈ।
ਕਰਦੀ ਫਿਕਰ ਨਹੀਂ ਕਦੇ ਔਲਾਦ ਜੇਕਰ,
ਗਲਤੀ ਜਾਣੀ ਨਹੀਂ ਏਦਾਂ ਦੀ ਜਰੀ ਭਾਈ।
ਸਖਤ ਕਿੰਨਾ ਕੋਈ ਨਿਯਮ ਆ ਹੋਣ ਲੱਗਾ,
ਹੋਇਆ ਖਾਕਾ ਨਹੀਂ ਅਜੇ ਸਪੱਸ਼ਟ ਭਾਈ।
ਜੋ ਵੀ ਕਰਨਾ ਉਹ ਚਾਹੀਦਾ ਇੰਜ ਕਰਨਾ,
ਕੱਟਿਆ ਜਾਵੇ ਬਜ਼ੁਰਗਾਂ ਦਾ ਕਸ਼ਟ ਭਾਈ।

-ਤੀਸ ਮਾਰ ਖਾਂ

## ਭਾਜਪਾ ਨੇ 4 ਸੂਬਾ ਪ੍ਰਧਾਨ ਬਦਲੇ, ਪੰਜਾਬ ਦੀ ਕਮਾਨ ਜਾਖੜ ਨੂੰ

**ਨਵੀਂ ਦਿੱਲੀ :** ਭਾਜਪਾ ਨੇ ਸੁਨੀਲ ਜਾਖੜ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਪਿਛਲੇ ਸਾਲ ਮਈ 'ਚ ਭਾਜਪਾ 'ਚ ਸ਼ਾਮਲ ਹੋਣ ਵਾਲੇ ਜਾਖੜ ਨੇ ਅਸ਼ਵਨੀ ਸ਼ਰਮਾ ਦੀ ਥਾਂ ਲਈ ਹੈ। ਜਾਖੜ ਤੋਂ ਇਲਾਵਾ, ਕੇਂਦਰੀ ਮੰਤਰੀ ਜੀ ਕਿਸ਼ਨ ਰੈਡੀ ਨੂੰ ਤੇਲੰਗਾਨਾ, ਬੀਬੀ ਡੀ ਪੁਰੰਦੇਸ਼ਵਰੀ ਨੂੰ ਆਂਧਰਾ ਤੇ ਬਾਬੂ ਲਾਲ ਮਰਾਂਡੀ ਨੂੰ ਝਾਰਖੰਡ ਦਾ ਪ੍ਰਧਾਨ ਬਣਾਇਆ ਗਿਆ ਹੈ। ਪੁਰੰਦੇਸ਼ਵਰੀ ਆਂਧਰਾ ਦੇ ਸਾਬਕਾ ਮੁੱਖ ਮੰਤਰੀ ਤੇ ਤੇਲਗੂ ਦੇਸਮ ਦੇ ਬਾਨੀ ਐੱਨ ਟੀ ਰਾਮਾਰਾਓ ਦੀ ਧੀ ਹੈ। ਬਾਬੂ ਲਾਲ ਮਰਾਂਡੀ ਝਾਰਖੰਡ ਦੇ ਪਹਿਲੇ ਮੁੱਖ ਮੰਤਰੀ ਬਣੇ ਸਨ। 2006 ਵਿਚ ਭਾਜਪਾ ਛੱਡ ਕੇ ਝਾਰਖੰਡ ਵਿਕਾਸ ਮੋਰਚਾ ਬਣਾਇਆ ਸੀ, ਪਰ ਫਿਰ ਭਾਜਪਾ 'ਚ ਪਰਤ ਆਏ ਸੀ।



5-July-PAGE-4.qxd 7/4/2023 10:37 PM Page 1

ਨਵਾਂ ਜ਼ਮਾਨਾ
ਬੁੱਧਵਾਰ, 5 ਜੁਲਾਈ 2023

# ਮੋਦੀ-ਸ਼ਾਹ ਦੀ ਹਾਬੜ

ਇਨ੍ਹੀਂ ਦਿਨੀਂ ਮਹਾਰਾਸ਼ਟਰ ਅੰਦਰ ਲੋਕਤੰਤਰ ਦਾ ਜਨਾਜ਼ਾ ਸ਼ਾਨ ਨਾਲ ਨਿਕਲ ਰਿਹਾ ਹੈ। ਸ਼ਰਦ ਪਵਾਰ ਦੀ ਨੈਸ਼ਨਲਿਸਟ ਕਾਂਗਰਸ ਪਾਰਟੀ ਦੋਫਾੜ ਹੋ ਚੁੱਕੀ ਹੈ। ਇਸ ਦੇਸ਼ ਵਿੱਚ ਇਹ ਡਰਾਮਾ ਪਹਿਲੀ ਵਾਰ ਨਹੀਂ ਖੇਡਿਆ ਜਾ ਰਿਹਾ। ਜਦੋਂ ਤੋਂ ਮੋਦੀ-ਸ਼ਾਹ ਦੀ ਜੋੜੀ ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋਈ ਹੈ, ਆਏ ਦਿਨ ਕਿਸੇ ਨਾ ਕਿਸੇ ਰਾਜ ਵਿੱਚ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਨੂੰ ਡੇਗਣ ਲਈ ਇਹੋ ਵਰਤਾਰਾ ਚਲਦਾ ਆ ਰਿਹਾ ਹੈ। ਦੂਜੀਆਂ ਪਾਰਟੀਆਂ ਦੇ ਕੁਰੱਪਟ ਆਗੂਆਂ ਲਈ ਭਾਜਪਾ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਈ ਡੀ ਤੇ ਸੀ ਬੀ ਆਈ ਵਰਗੀਆਂ ਕੇਂਦਰੀ ਏਜੰਸੀਆਂ ਅਜਿਹੇ ਕੁਰੱਪਟ ਆਗੂਆਂ ਨੂੰ ਲੱਭਣ ਦਾ ਕੰਮ ਕਰਦੀਆਂ ਹਨ, ਤੇ ਭਾਜਪਾ ਦੀ ਵਾਸ਼ਿੰਗ ਮਸ਼ੀਨ ਇਨ੍ਹਾਂ ਨੂੰ ਧੋ-ਸੁਆਰ ਕੇ ਦੁੱਧ-ਚਿੱਟੇ ਅੰਗ ਵਸਤਰ ਬਣਾ ਦਿੰਦੀ ਹੈ। ਆਸਾਮ, ਮੱਧ ਪ੍ਰਦੇਸ਼, ਕਰਨਾਟਕ, ਗੋਆ ਤੇ ਪੱਛਮੀ ਬੰਗਾਲ ਵਿੱਚ ਵੀ ਇਹੋ ਕੁਝ ਹੋ ਚੁੱਕਾ ਹੈ। ਹਰ ਨਾਟਕ ਦੀ ਪਟਕਥਾ ਦਿੱਲੀ ਵਿੱਚ ਲਿਖੀ ਜਾਂਦੀ ਹੈ।

ਕਰਨਾਟਕ ਵਿੱਚ ਹੋਈ ਹਾਰ ਤੇ ਵਿਰੋਧੀ ਪਾਰਟੀਆਂ ਦੀ ਪਟਨਾ ਵਿੱਚ ਹੋਈ ਸਫ਼ਲ ਮੀਟਿੰਗ ਨੇ ਮੋਦੀ-ਸ਼ਾਹ ਨੂੰ ਕੰਬਣੀ ਛੇੜ ਦਿੱਤੀ ਹੈ। ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਡੇ ਰਾਜਾਂ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਬਿਹਾਰ, ਪੱਛਮੀ ਬੰਗਾਲ ਤੇ ਕਰਨਾਟਕ ਦੀਆਂ 238 ਲੋਕ ਸਭਾ ਸੀਟਾਂ ਵਿੱਚੋਂ 145 ਜਿੱਤੀਆਂ ਸਨ। ਮਹਾਰਾਸ਼ਟਰ ਵਿੱਚ ਉਸ ਨੇ ਸ਼ਿਵ ਸੈਨਾ ਤੇ ਬਿਹਾਰ ਵਿੱਚ ਨਿਤੀਸ਼ ਕੁਮਾਰ ਨਾਲ ਰਲ ਕੇ ਚੋਣਾਂ ਲੜੀਆਂ ਸਨ। ਹੁਣ ਠਾਕਰੇ ਦੀ ਸ਼ਿਵ ਸੈਨਾ ਤੇ ਨਿਤੀਸ਼ ਕੁਮਾਰ ਵਿਰੋਧੀ ਧਿਰਾਂ ਨਾਲ ਹਨ। ਵਿਰੋਧੀ ਪਾਰਟੀਆਂ ਦੀ ਏਕਤਾ ਪਿੱਛੋਂ ਭਾਜਪਾ ਲਈ ਯੂ ਪੀ ਤੇ ਪੱਛਮੀ ਬੰਗਾਲ ਵਿੱਚ 2019 ਵਾਲੀ ਸਥਿਤੀ ਕਾਇਮ ਰੱਖਣੀ ਸੰਭਵ ਨਹੀਂ ਹੈ। ਕਰਨਾਟਕ ਵਿੱਚ ਭਾਜਪਾ ਨੇ 25 ਸੀਟਾਂ ਜਿੱਤੀਆਂ ਸਨ, ਪਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਉਸ ਦੀ ਹਾਲਤ ਪਾਣੀ ਤੋਂ ਪਤਲੀ ਕਰ ਦਿੱਤੀ ਹੈ। 2019 ਦੀਆਂ ਚੋਣਾਂ ਇੱਕ ਵਿਸ਼ੇਸ਼ ਹਾਲਤ ਵਿੱਚ ਹੋਈਆਂ ਸਨ। ਪੁਲਵਾਮਾ ਤੋਂ ਬਾਅਦ ਏਅਰ ਸਟ੍ਰਾਈਕ ਨੇ ਲੋਕਾਂ ਨੂੰ ਅਜਿਹਾ ਮਦਹੋਸ਼ ਕੀਤਾ ਸੀ ਕਿ ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼, ਝਾਰਖੰਡ, ਛੱਤੀਸਗੜ੍ਹ, ਹਰਿਆਣਾ ਤੇ ਹਿਮਾਚਲ ਦੀਆਂ 126 ਸੀਟਾਂ ਵਿੱਚੋਂ ਭਾਜਪਾ ਨੂੰ 119 ਜਿਤਾ ਦਿੱਤੀਆਂ ਸਨ। ਇਨ੍ਹਾਂ ਕੁੱਲ 364 ਸੀਟਾਂ ਵਿੱਚੋਂ ਜੇ ਵਿਰੋਧੀ ਗੱਠਜੋੜ ਅੱਧੋਂ-ਘੱਟ ਕਰਨ ਵਿੱਚ ਵੀ ਕਾਮਯਾਬ ਹੋ ਗਿਆ ਤਾਂ ਭਾਜਪਾ ਮਸਾਂ 200 ਤੱਕ ਹੀ ਪੁੱਜ ਸਕੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹੋ ਡਰ ਸਤਾ ਰਿਹਾ ਹੈ, ਜਿਸ ਕਾਰਨ ਵਿਦੇਸ਼ੀ ਫੇਰੀ ਤੋਂ ਵਾਪਸ ਆਉਂਦਿਆਂ ਹੀ ਉਨ੍ਹਾ ਨੇ ਭੋਪਾਲ ਜਾ ਕੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਦੇ ਘੁਟਾਲੇ ਗਿਣਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾ ਦਾ ਨਿਸ਼ਾਨਾ ਮਹਾਰਾਸ਼ਟਰ ਸੀ। ਉਨ੍ਹਾ ਐੱਨ ਸੀ ਪੀ ਆਗੂਆਂ ਉੱਤੇ 70 ਹਜ਼ਾਰ ਕਰੋੜ ਰੁਪਏ ਦੇ ਘੁਟਾਲਿਆਂ ਦਾ ਦੋਸ਼ ਲਾ ਕੇ, ਸਹਿਕਾਰੀ ਬੈਂਕ ਘੁਟਾਲਾ, ਸਿੰਚਾਈ ਘੁਟਾਲਾ ਤੇ ਖਾਣਾਂ ਘੁਟਾਲਾ ਦਾ ਨਾਂਅ ਲੈ ਕੇ ਸਭ ਕੁਰੱਪਟਾਂ ਨੂੰ ਇਸ਼ਾਰਾ ਕਰ ਦਿੱਤਾ ਕਿ ਜੇਲ੍ਹ ਜਾਂ ਭਾਜਪਾ ਵਿੱਚੋਂ ਇੱਕ ਚੁਣ ਲਓ। ਪ੍ਰਧਾਨ ਮੰਤਰੀ ਦੇ ਇਸ 'ਸੁਨੇਹੇ' ਤੋਂ ਦੋ ਦਿਨ ਬਾਅਦ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਦਿੱਲੀ ਵਿੱਚ ਜਾ ਕੇ ਅਮਿਤ ਸ਼ਾਹ ਦੇ ਚਰਨੀਂ ਜਾ ਲੱਗੇ। ਇਸ ਤੋਂ ਬਾਅਦ ਮਹਾਰਾਸ਼ਟਰ ਵਿੱਚ 2 ਜੁਲਾਈ ਨੂੰ ਜੋ ਹੋਇਆ, ਉਹ ਸਾਰੇ ਦੇਸ਼ ਨੇ ਦੇਖਿਆ ਹੈ। ਅਜੀਤ ਪਵਾਰ ਤੇ ਛਗਨ ਭੁਜਬਲ ਸਮੇਤ ਜਿਹੜੇ ਦਲਬਦਲੂ ਮੰਤਰੀ ਬਣਾਏ ਗਏ ਹਨ, ਉਹ ਉਕਤ ਘੁਟਾਲਿਆਂ ਵਿੱਚ ਜਾਂਚ ਦਾ ਸਾਹਮਣਾ ਕਰ ਰਹੇ ਹਨ। ਸਪੱਸ਼ਟ ਹੈ ਕਿ ਹੁਣ ਜਾਂਚ ਏਜੰਸੀਆਂ ਕੇਸ ਬੰਦ ਕਰ ਦੇਣਗੀਆਂ।

ਮਹਾਰਾਸ਼ਟਰ ਵਿੱਚ ਐੱਨ ਸੀ ਪੀ ਤੋਂ ਪਹਿਲਾਂ ਭਾਜਪਾ ਸ਼ਿਵ ਸੈਨਾ ਨੂੰ ਤੋੜ ਚੁੱਕੀ ਹੈ। ਪਰ ਸਵਾਲ ਇਹ ਹੈ ਕਿ ਲੋਕਤੰਤਰ ਨਾਲ ਖਿਲਵਾੜ ਕਰਕੇ ਕੀ ਮੋਦੀ-ਸ਼ਾਹ ਜੋੜੀ ਮੁੜ ਸੱਤਾ ਵਿੱਚ ਆ ਸਕੇਗੀ। ਸ਼ਿਵ ਸੈਨਾ ਦੇ ਵਿਧਾਇਕ ਟੁੱਟ ਜਾਣ ਦੇ ਬਾਵਜੂਦ ਊਧਵ ਠਾਕਰੇ ਧੜੇ ਦੀ ਜਥੇਬੰਦੀ ਉੱਤੇ ਪੂਰੀ ਪਕੜ ਹੈ। ਇਹ ਸਥਿਤੀ ਅਜੀਤ ਪਵਾਰ ਗੁੱਟ ਦੇ ਚਲੇ ਜਾਣ ਬਾਅਦ ਸ਼ਰਦ ਪਵਾਰ ਧੜੇ ਦੀ ਹੈ। ਅੱਜ ਵੀ ਮਹਾਰਾਸ਼ਟਰ ਵਿੱਚ ਕਾਂਗਰਸ, ਐੱਨ ਸੀ ਪੀ ਤੇ ਸ਼ਿਵ ਸੈਨਾ (ਠਾਕਰੇ) ਦੇ ਗੱਠਜੋੜ ਦਾ ਪੂਰਾ ਦਬਦਬਾ ਹੈ। ਦੂਜੀਆਂ ਪਾਰਟੀਆਂ ਵਿੱਚ ਭੰਨ-ਤੋੜ ਕਰਨ ਨਾਲ ਭਾਜਪਾ ਨੂੰ ਵਕਤੀ ਲਾਭ ਤਾਂ ਮਿਲ ਸਕਦਾ ਹੈ, ਪਰ ਉਸ ਨੂੰ ਇਸ ਦਾ ਲੋਕ ਸਭਾ ਚੋਣਾਂ ਵਿੱਚ ਫਾਇਦਾ ਮਿਲਣਾ ਮੁਸ਼ਕਲ ਹੈ।

ਅਸਲ ਵਿੱਚ ਭ੍ਰਿਸ਼ਟਾਚਾਰ-ਮੁਕਤ ਭਾਰਤ ਦਾ ਨਾਅਰਾ ਦੇਣ ਵਾਲੀ ਭਾਜਪਾ ਨੇ ਦੂਜੀਆਂ ਪਾਰਟੀਆਂ ਦੇ ਭ੍ਰਿਸ਼ਟਾਚਾਰੀਆਂ ਨੂੰ ਚੁਣ-ਚੁਣ ਕੇ ਭਾਜਪਾ ਵਿੱਚ ਸ਼ਾਮਲ ਹੀ ਨਹੀਂ ਕੀਤਾ, ਉਨ੍ਹਾਂ ਨੂੰ ਮੰਤਰੀਆਂ ਤੱਕ ਦੇ ਅਹੁਦੇ ਪਰੋਸੇ ਹਨ। ਇਸ ਸਮੇਂ ਜਨਤਾ ਵਿੱਚ ਭਾਜਪਾ ਦੀ ਛਵੀ ਇੱਕ ਭ੍ਰਿਸ਼ਟ ਪਾਰਟੀ ਦੇ ਤੌਰ 'ਤੇ ਬਣ ਚੁੱਕੀ ਹੈ। ਮੱਧ ਵਰਗ ਵਿੱਚ ਇਹ ਵਿਚਾਰ ਹਾਵੀ ਹੋ ਚੁੱਕਾ ਹੈ ਕਿ ਭਾਜਪਾ ਸੱਤਾ ਵਿੱਚ ਰਹਿਣ ਲਈ ਕੋਈ ਵੀ ਕੁਕਰਮ ਕਰ ਸਕਦੀ ਹੈ। ਸਵਾਲ ਇਹ ਹੈ ਕਿ ਭਾਜਪਾ ਲਈ ਸਾਲਾਂਬੱਧੀ ਪਸੀਨਾ ਵਹਾਉਣ ਵਾਲੇ ਕਾਰਕੁੰਨ ਦੂਜੀਆਂ ਪਾਰਟੀਆਂ 'ਚੋਂ ਆਏ ਦਾਗੀਆਂ ਨੂੰ ਟਿਕਟ ਦਿੱਤੇ ਜਾਣ ਨੂੰ ਬਰਦਾਸ਼ਤ ਕਰ ਲੈਣਗੇ? ਸਮਾਂ ਜਲਦੀ ਹੀ ਆਵੇਗਾ, ਜਦੋਂ ਇਹ ਮੌਕਾਪ੍ਰਸਤ ਸਿਆਸਤਦਾਨ ਭਾਜਪਾ ਦੀ ਹੀ ਬੇੜੀ ਦੇ ਵੱਟੇ ਸਾਬਤ ਹੋਣਗੇ।

**-ਚੰਦ ਫਤਿਹਪੁਰੀ**

# ਸਭ ਤੋਂ ਵੱਡੇ ਲੋਕਤੰਤਰਾਂ ਦੀ ਮਿੱਥ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਅਮਰੀਕਾ ਫੇਰੀ ਅਤੇ ਰਾਸਟਰਪਤੀ ਜੋਅ ਬਿਡੇਨ ਨਾਲ ਉਨ੍ਹਾ ਦੀ ਗੱਲਬਾਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਾਂ ਦੀ ਮੀਟਿੰਗ ਵਜੋਂ ਪਰਚਾਰਿਆ ਜਾ ਰਿਹਾ ਹੈ। ਅਬਰਾਹਮ ਲਿੰਕਨ ਨੇ ਲੋਕਤੰਤਰ ਨੂੰ 'ਲੋਕਾਂ ਦੀ, ਲੋਕਾਂ ਦੁਆਰਾ, ਲੋਕਾਂ ਲਈ' ਸਰਕਾਰ ਕਿਹਾ ਸੀ ਤੇ ਗੁਲਾਮਦਾਰੀ ਦੇ ਖਿਲਾਫ ਸੰਘਰਸ਼ ਕਰਦੇ ਹੋਏ ਆਪਣੇ ਜੀਵਨ ਦਾ ਬਲੀਦਾਨ ਦਿੱਤਾ ਸੀ। ਕੀ ਇਹ ਕਥਨ ਅਖੌਤੀ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ਾਂ ਦੀਆਂ ਸਰਕਾਰਾਂ ਦੇ ਸੰਦਰਭ ਵਿੱਚ ਠੀਕ ਬੈਠਦਾ ਹੈ, ਇਸ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ।

ਜਗੀਰਦਾਰੀ ਯੁੱਗ ਤੋਂ ਬਾਅਦ ਦੇ ਸਰਮਾਏਦਾਰੀ ਨਿਜ਼ਾਮ ਦੇ ਯੁੱਗ ਵਿੱਚ ਫੈਸਲੇ ਲੈਣ ਵਿੱਚ ਲੋਕਾਂ ਦੀ ਭਾਗੀਦਾਰੀ ਦੀ ਲੋੜ ਨੂੰ ਮਹੱਤਵਪੂਰਨ ਮੰਨਿਆ ਗਿਆ। ਇਸ ਲਈ ਇੰਗਲੈਂਡ ਵਿਚ ਸੰਸਦੀ ਸਥਾਪਨਾ ਤੋਂ ਸ਼ੁਰੂ ਹੋ ਕੇ ਕਈ ਦੇਸ਼ਾਂ ਨੇ ਲੋਕਾਂ ਦੁਆਰਾ ਵੋਟ ਰਾਹੀਂ ਸਰਕਾਰ ਦੀ ਚੋਣ ਕਰਨ ਦੀ ਪ੍ਰਣਾਲੀ ਨੂੰ ਅਪਣਾਇਆ। ਸਾਡੇ ਆਜ਼ਾਦੀ ਘੁਲਾਟੀਆਂ ਦੇ ਲੋਕਾਚਾਰ ਅਤੇ ਇੱਛਾਵਾਂ ਦੇ ਆਧਾਰ ਭਾਰਤ ਨੇ ਆਪਣੇ ਆਪ ਨੂੰ ਪ੍ਰਭੂਸੱਤਾ ਸੰਪੰਨ ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਘੋਸ਼ਿਤ ਕਰਨ ਵਾਲਾ ਸੰਵਿਧਾਨ ਤਿਆਰ ਕੀਤਾ। ਇਸ ਦਾ ਟੀਚਾ ਆਪਣੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਪ੍ਰਦਾਨ ਕਰਨਾ; ਵਿਚਾਰ ਪ੍ਰਗਟਾਵੇ, ਵਿਸ਼ਵਾਸ ਅਤੇ ਪੂਜਾ ਦੀ ਆਜ਼ਾਦੀ, ਸਥਿਤੀ ਅਤੇ ਮੌਕਿਆਂ ਦੀ ਸਮਾਨਤਾ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨਾ ਹੈ, ਜਿਸ ਕਰਕੇ ਵਿਅਕਤੀ ਦੀ ਸ਼ਾਨ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਯਕੀਨੀ ਬਣਦੀ ਹੈ। ਸਾਡੇ ਸੰਵਿਧਾਨ ਵਿੱਚ ਹਰ ਇੱਕ ਧਾਰਮਿਕ, ਨਸਲੀ, ਭਾਸ਼ਾਈ ਸਮੂਹ ਜਾਂ ਲਿੰਗ ਨਾਲ ਸਬੰਧਤ ਸਾਰੇ ਨਾਗਰਿਕਾਂ ਨੂੰ ਆਪਣੇ ਨੁਮਾਇੰਦੇ ਚੁਣਨ ਅਤੇ ਸੰਵਿਧਾਨ ਦੇ ਆਦਰਸ਼ਾਂ ਨੂੰ ਅੱਗੇ ਵਧਾਉਣ ਦਾ ਅਧਿਕਾਰ ਦਿੱਤਾ ਗਿਆ।

ਹਾਲਾਂਕਿ ਹਾਲ ਹੀ ਦੇ ਕੁਝ ਸਾਲਾਂ ਵਿੱਚ ਅਸੀਂ ਇਨ੍ਹਾਂ ਕਦਰਾਂ-ਕੀਮਤਾਂ ਨੂੰ ਨਕਾਰਦੇ ਦੇਖ ਰਹੇ ਹਾਂ, ਕਿਉਂਕਿ ਅਜੋਕੀਆਂ ਸੱਤਾਧਾਰੀ ਸ਼ਕਤੀਆਂ ਸਾਡੇ ਸੰਵਿਧਾਨ ਦੀਆਂ ਇਨ੍ਹਾਂ ਬੁਨਿਆਦੀ ਕਦਰਾਂ-ਕੀਮਤਾਂ ਦੀ ਪਾਲਣਾ ਨਹੀਂ ਕਰਦੀਆਂ ਹਨ। ਉਹ ਆਜ਼ਾਦੀ ਘੁਲਾਟੀਆਂ ਦੀਆਂ ਵਚਨਬੱਧਤਾਵਾਂ ਦਾ ਸਨਮਾਨ ਨਹੀਂ ਕਰਦੇ ਕਿਉਂਕਿ ਉਹ ਕਦੇ ਵੀ ਆਜ਼ਾਦੀ ਸੰਗਰਾਮ ਵਿੱਚ ਸ਼ਾਮਲ ਨਹੀਂ ਸਨ, ਸਗੋਂ ਬ੍ਰਿਟਿਸ਼ ਬਸਤੀਵਾਦੀ ਹਾਕਮਾਂ ਨਾਲ ਰਲੇ ਹੋਏ ਸਨ।

ਵਿਚਾਰ ਪ੍ਰਗਟਾਵੇ, ਵਿਸ਼ਵਾਸ, ਅਤੇ ਪੂਜਾ ਦੀ ਆਜ਼ਾਦੀ ਦੀ ਪ੍ਰਸਤਾਵਨਾ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ ਨੂੰ ਪਰਦੇਸੀ ਕਿਹਾ ਜਾ ਰਿਹਾ ਹੈ ਤੇ ਇਹ ਵੀ ਕਿ ਉਨ੍ਹਾਂ ਨੂੰ ਹਿੰਦੂ ਬਹੁਗਿਣਤੀ ਸਮੂਹ ਦੇ ਅਧੀਨ ਹੋਣਾ ਪਏਗਾ। ਇਹ ਆਰ ਐੱਸ ਐੱਸ ਦੀ ਵਿਚਾਰਧਾਰਾ ਨੂੰ ਨੰਗੇ-ਚਿੱਟੇ ਰੂਪ ਵਿੱਚ ਫੈਲਾਉਣਾ ਹੈ। ਇਹ ਨੀਤੀਆਂ ਹਿੰਦੂ ਰਾਸ਼ਟਰ ਦੇ ਉਨ੍ਹਾਂ ਦੇ ਪ੍ਰਤੀਕ ਸਾਵਰਕਰ ਅਤੇ ਗੋਲਵਲਕਰ ਦੁਆਰਾ ਪੇਸ਼ ਕੀਤੀਆਂ ਗਈਆਂ ਸਨ। ਇਹ ਸਭ ਨੂੰ ਪਤਾ ਹੈ ਕਿ ਗੋਲਵਲਕਰ ਨੇ ਹਿਟਲਰ ਦੁਆਰਾ ਸਮਾਜ ਨੂੰ ਸ਼ੁੱਧ ਕਰਨ ਲਈ ਯਹੂਦੀਆਂ ਤੇ ਕਤਲੇਆਮ ਦਾ ਸਮਰਥਨ ਕੀਤਾ ਸੀ।



ਡਾ. ਅਰੁਣ ਮਿੱਤਰਾ

ਗੋਲਵਲਕਰ ਦਾ ਮੰਨਣਾ ਸੀ ਕਿ ਮੁਸਲਮਾਨ ਅਤੇ ਈਸਾਈ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੂੰ ਹਿੰਦੂ ਸੰਸਕ੍ਰਿਤੀ ਨੂੰ ਅਪਣਾਉਣਾ ਚਾਹੀਦਾ ਹੈ ਤੇ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ, ਨਹੀਂ ਤਾਂ ਉਹ ਨਾਗਰਿਕ ਅਧਿਕਾਰਾਂ ਦੇ ਹੱਕਦਾਰ ਨਹੀਂ ਹਨ।

ਸੰਸਦ ਵਿੱਚ ਪੂਰਨ ਬਹੁਮਤ ਨਾਲ ਮੌਜੂਦਾ ਸਰਕਾਰ ਉਨ੍ਹਾਂ ਦੇ ਵਿਚਾਰਾਂ ਨੂੰ ਫੈਲਾਉਣ ਲਈ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਕੰਮ ਕਰ ਰਹੀ ਹੈ। ਨਾਜ਼ੀਆਂ ਦੇ ਐੱਸ.ਐੱਸ. ਦੀ ਤਰਜ਼ 'ਤੇ ਹਿੰਦੂ ਕੱਟੜਪੰਥੀਆਂ ਨੂੰ ਬਜਰੰਗ ਦਲ ਅਤੇ ਹੋਰਨਾਂ ਦੇ ਨਾਂਅ ਤੇ ਸਰਪ੍ਰਸਤੀ ਦਿੱਤੀ ਗਈ। ਉਨ੍ਹਾਂ ਨੂੰ ਨਾ ਸਿਰਫ ਨਫਰਤ ਫੈਲਾਉਣ ਲਈ ਛੱਡ ਦਿੱਤਾ ਗਿਆ ਹੈ, ਸਗੋਂ ਮੁਸਲਮਾਨਾਂ 'ਤੇ ਸਰੀਰਕ, ਘਾਤਕ ਹਮਲੇ ਕਰਨ ਲਈ ਵੀ ਤਿਆਰ ਕੀਤਾ ਗਿਆ।

ਦਾਦਰੀ ਵਿੱਚ ਗਊ ਮਾਸ ਖਾਣ ਦਾ ਦੋਸ਼ ਲਗਾ ਕੇ ਅਖਲਾਕ ਦੇ ਕਤਲ ਤੋਂ ਲੈ ਕੇ ਭੀੜਾਂ ਵੱਲੋਂ ਮੁਸਲਮਾਨਾਂ ਦੀ ਕੁੱਟਮਾਰ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਵਾਰਦਾਤ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਦੇ ਉਲਟ ਅਨੇਕਾਂ ਮੁਸਲਿਮ ਨੌਜਵਾਨ ਮਨਘੜਤ ਅਪਰਾਧਾਂ ਅਧੀਨ ਕਈ ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਉਨ੍ਹਾਂ ਦੇ ਘਰ ਬੁਲਡੋਜ਼ ਕਰ ਦਿੱਤੇ ਗਏ। ਕਈ ਥਾਵਾਂ ਤੇ ਈਸਾਈਆਂ ਦੇ ਘਰਾਂ, ਸਕੂਲਾਂ ਅਤੇ ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਸਾੜਿਆ ਗਿਆ। ਧਾਰਮਿਕ ਪਛਾਣ ਦੇ ਆਧਾਰ ਤੇ ਡਰੈੱਸ ਕੋਡ ਨੂੰ ਲਾਗੂ ਕਰਨ ਦੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ।

ਸਰਕਾਰ ਦੇ ਸੀਨੀਅਰ ਮੰਤਰੀਆਂ ਅਤੇ ਕਾਰਜਕਰਤਾਵਾਂ ਵੱਲੋਂ ਘੱਟ ਗਿਣਤੀਆਂ ਵਿਰੁੱਧ ਨਫਰਤ ਭਰਿਆ ਪ੍ਰਚਾਰ ਕੀਤਾ ਜਾ ਰਿਹਾ ਹੈ। ਅਨੁਰਾਗ ਠਾਕੁਰ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਰਾਜ ਮੰਤਰੀ ਤੋਂ ਕੈਬਨਿਟ ਰੈਂਕ ਤੱਕ ਤਰੱਕੀ ਦੇ ਦਿੱਤੀ ਗਈ, ਜਦੋਂ ਉਸ ਨੇ 'ਗੋਲੀ ਮਾਰੋ ਸਾਲੋਂ ਕੋ' ਦਾ ਨਾਹਰਾ ਭੜਕਾਇਆ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨੇ ਖੁਦ ਇੱਕ ਰੈਲੀ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਪਹਿਰਾਵੇ ਦੇ ਆਧਾਰ 'ਤੇ ਪਛਾਨਣ ਦਾ ਇਸ਼ਾਰਾ ਕੀਤਾ ਸੀ। ਨਰਿੰਦਰ ਮੋਦੀ ਨੇ ਖੁਦ ਲੋਕਾਂ ਨੂੰ ਕੇਰਲ ਸਟੋਰੀ ਦੇਖਣ ਲਈ ਕਿਹਾ, ਜੋ ਕਿ ਮੁਸਲਮਾਨਾਂ ਖਿਲਾਫ ਨਫਰਤ ਫੈਲਾਉਣ ਲਈ ਪੂਰੀ ਤਰ੍ਹਾਂ ਝੂਠ 'ਤੇ ਆਧਾਰਤ ਫਿਲਮ ਹੈ। ਇਹਨਾਂ ਹਿੰਦੂਤਵਵਾਦੀ ਕੱਟੜਪੰਥੀਆਂ ਦਾ ਲਿੰਗ ਪੱਖਪਾਤ ਅੰਤਰ-ਧਰਮੀ ਵਿਆਹਾਂ 'ਤੇ ਪਾਬੰਦੀ ਲਗਾਉਣ ਅਤੇ ਲਵ ਜੇਹਾਦ ਵਰਗੇ ਮੁੱਦਿਆਂ ਨੂੰ ਉਠਾਉਣ ਤੋਂ ਸਪੱਸ਼ਟ ਹੁੰਦਾ ਹੈ। ਜੇਕਰ ਕੋਈ ਹਿੰਦੂ ਕੁੜੀ ਮੁਸਲਮਾਨ ਲੜਕੇ ਨਾਲ ਵਿਆਹ ਕਰਦੀ ਹੈ ਤਾਂ ਉਹ ਗੁਨਾਹ ਹੈ, ਪਰ ਜੇਕਰ ਕੋਈ ਮੁਸਲਮਾਨ ਕੁੜੀ ਹਿੰਦੂ ਲੜਕੇ ਨਾਲ ਵਿਆਹ ਕਰਦੀ ਹੈ ਤਾਂ ਇਹ ਘਰ ਵਾਪਸੀ ਹੈ। ਬਿਲਕਿਸ ਬਾਨੋ ਦੇ ਪਰਿਵਾਰ ਦੇ ਕਾਤਲਾਂ ਤੇ ਬਲਾਤਕਾਰੀਆਂ ਨੂੰ ਰਿਹਾਅ ਕਰਨਾ ਅਤੇ ਇਸਤਰੀ ਪਹਿਲਵਾਨਾਂ ਦੇ ਸੰਘਰਸ ਵਿਚ ਉਹਨਾਂ ਨਾਲ ਬਦਸਲੂਕੀ ਕਰਨਾ ਤੇ ਬ੍ਰਿਜ ਭੂਸਨ ਸਰਨ ਸਿੰਘ ਵਰਗੇ ਦੋਸੀ ਨੂੰ ਬਚਾਉਣਾ ਆਪਣੇ ਆਪ ਵਿੱਚ ਵੱਡੀਆਂ ਮਿਸਾਲਾਂ ਹਨ।

ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਪ੍ਰਗਤੀਸ਼ੀਲ ਤੇ ਹੋਰ ਲੋਕਾਂ ਨੂੰ ਰਾਸ਼ਟਰ ਵਿਰੋਧੀ ਦੱਸਿਆ ਜਾ ਰਿਹਾ ਹੈ ਤੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਸਰਕਾਰੀ ਨੀਤੀਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਦਬਾਉਣ ਲਈ ਸਰਕਾਰੀ ਮਸ਼ੀਨਰੀ, ਸੀ. ਬੀ.ਆਈ ਅਤੇ ਈ.ਡੀ ਦੀ ਵਰਤੋਂ ਕੀਤੀ ਜਾ ਰਹੀ ਹੈ। ਭੀਮਾ ਕੋਰੇਗਾਓਂ ਹਿੰਸਾ ਵਿੱਚ ਝੂਠੇ ਗ੍ਰਿਫਤਾਰ ਕੀਤੇ ਗਏ ਲੋਕਾਂ ਖਿਲਾਫ਼ ਹੁਣ ਤੱਕ ਕੋਈ ਚਾਰਜਸ਼ੀਟ ਦਾਖਲ ਨਹੀਂ ਕੀਤੀ ਗਈ, ਇੱਥੋਂ ਤੱਕ ਕਿ ਉਨ੍ਹਾਂ ਦੇ ਕੰਪਿਊਟਰਾਂ ਨੂੰ ਵੀ ਹੈਕ ਕਰ ਲਿਆ ਗਿਆ ਅਤੇ ਗਲਤ ਸੂਚਨਾਵਾਂ ਨਾਲ ਘੁਸਪੈਠ ਕੀਤੀ ਗਈ।

ਚੋਣ ਮਸ਼ੀਨਰੀ ਪੂਰੀ ਤਰ੍ਹਾਂ ਸਰਕਾਰੀ ਏਜੰਟ ਬਣ ਕੇ ਰਹਿ ਗਈ ਹੈ। ਨਿਆਂਪਾਲਿਕਾ ਦਬਾਅ ਹੇਠ ਹੈ। ਮੀਡੀਆ ਖਰੀਦਿਆ ਜਾ ਚੁੱਕਿਆ ਹੈ। ਲੋਕਤੰਤਰ ਦੇ ਚਾਰ ਥੰਮ੍ਹ ਵਿਧਾਨ ਪਾਲਿਕਾ, ਨਿਆਂ ਪਾਲਿਕਾ, ਕਾਰਜ ਪਾਲਿਕਾ ਅਤੇ ਮੀਡੀਆ ਕਮਜ਼ੋਰ ਕਰ ਦਿਤੇ ਗਏ ਹਨ।

ਇਸ ਲਈ ਭਾਵੇਂ ਆਬਾਦੀ ਦੇ ਲਿਹਾਜ ਨਾਲ ਭਾਰਤ ਵਡਾ ਲੋਕਤੰਤਰ ਪ੍ਰਤੀਤ ਹੁੰਦਾ ਹੈ ਪਰ ਜਮਹੂਰੀਅਤ ਦੀਆਂ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਛਿੱਕੇ ਟੰਗ ਦਿੱਤੀਆਂ ਗਈਆਂ ਹਨ।

ਇਹ ਜ਼ਾਹਰ ਹੈ ਕਿ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦਾ ਨਾ ਸਿਰਫ ਭਾਰਤੀ ਪ੍ਰਵਾਸੀਆਂ ਦੇ ਇੱਕ ਵੱਡੇ ਹਿੱਸੇ ਵੱਲੋਂ ਵਿਰੋਧ ਕੀਤਾ ਗਿਆ ਸੀ, ਸਗੋਂ 75 ਅਮਰੀਕੀ ਸੈਨੇਟਰਾਂ ਨੇ ਵੀ ਭਾਰਤ ਵਿੱਚ ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਨਾਗਰਿਕ ਸੁਤੰਤਰਤਾਵਾਂ ਦਾ ਮੁੱਦਾ ਚੁੱਕਣ ਲਈ ਅਮਰੀਕੀ ਰਾਸ਼ਟਰਪਤੀ ਨੂੰ ਪੱਤਰ ਲਿਖਿਆ ਸੀ। 'ਵਾਲ ਸਟਰੀਟ' ਜਰਨਲ ਦੀ ਰਿਪੋਰਟਰ ਦੇ ਸਵਾਲ ਦੇ ਜਵਾਬ ਨੂੰ ਸਾਈਡ-ਟ੍ਰੈਕ ਕਰਨ 'ਤੇ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਬੇਨਕਾਬ ਹੋ ਗਏ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪਿਛਲੇ ਨੌਂ ਸਾਲਾਂ ਵਿੱਚ ਕਿਸੇ ਪ੍ਰੈੱਸ ਰਿਪੋਰਟਰ ਨਾਲ ਇਹ ਉਹਨਾ ਦਾ ਪਹਿਲਾ ਸਾਹਮਣਾ ਸੀ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਵਿਚ ਘੱਟ ਗਿਣਤੀਆਂ ਦੇ ਅਧਿਕਾਰਾਂ ਦੇ ਮੁੱਦੇ 'ਤੇ ਜਿਸ ਗੰਭੀਰਤਾ ਨਾਲ ਗੱਲ ਕੀਤੀ ਹੈ, ਉਹ ਕਾਫੀ ਮਹੱਤਵਪੂਰਨ ਹੈ। ਐੱਮ ਕੇ ਭਦਰਕੁਮਾਰ ਸਾਬਕਾ ਰਾਜਦੂਤ ਨੇ 26 ਜੂਨ ਨੂੰ 'ਦਿ ਟ੍ਰਿਬਿਊਨ' ਵਿੱਚ ਪ੍ਰਕਾਸ਼ਤ ਇੱਕ ਲੇਖ ਵਿੱਚ ਕਿਹਾ ਹੈ 'ਸਾਬਕਾ ਰਾਸ਼ਟਰਪਤੀਆਂ ਨੂੰ ਅਮਰੀਕੀ ਸਰਕਾਰ ਦੁਆਰਾ ਨਿਯਮਤ ਤੌਰ 'ਤੇ ਸਿਖਰ-ਗੁਪਤ ਜਾਣਕਾਰੀ ਦਿੱਤੀ ਜਾਂਦੀ ਹੈ। ਕ੍ਰਿਸਟੀਅਨ ਅਮਨਪੋਰ ਨਾਲ ਓਬਾਮਾ ਦਾ ਇੰਟਰਵਿਊ ਸ਼ਾਇਦ ਇਤਫਾਕ ਤੋਂ ਵੱਧ ਸੀ।' ਵ੍ਹਾਈਟ ਹਾਊਸ ਨੇ ਵਾਲ ਸਟਰੀਟ ਜਰਨਲ ਦੇ ਰਿਪੋਰਟਰ ਦੇ ਟ੍ਰੋਲਰਾਂ ਨੂੰ ਸਹੀ ਢੰਗ ਨਾਲ ਨੱਥ ਪਾਈ ਅਤੇ ਸਪੱਸ਼ਟ ਸੰਦੇਸ ਦਿੱਤਾ। ਨਿਰਮਲਾ ਸੀਤਾਰਮਨ ਅਤੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾਸ ਸਰਮਾ, ਜੋ ਓਬਾਮਾ ਦੇ ਬਿਆਨ ਤੇ ਲਗਾਤਾਰ ਬੋਲੀ ਜਾ ਰਹੇ ਸਨ, ਦੀ ਵ੍ਹਾਈਟ ਹਾਊਸ ਦੀ ਤਾੜਨਾ ਤੋਂ ਬਾਅਦ ਬੋਲਤੀ ਬੰਦ ਹੋ ਗਈ ਹੈ।

ਜਮਹੂਰੀ ਹੋਣ ਦੇ ਨਾਤੇ ਅਮਰੀਕੀ ਸਰਕਾਰਾਂ ਦਾ ਟਰੈਕ ਰਿਕਾਰਡ ਵੀ ਬਹੁਤ ਹੀ ਸ਼ੱਕੀ ਹੈ। ਕਾਲੇ ਰੰਗ ਦੇ ਲੋਕਾਂ ਨੂੰ ਅੱਜ ਵੀ ਕਈ ਤਰ੍ਹਾਂ ਦੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਮਾਰਟਿਨ ਲੂਥਰ ਕਿੰਗ ਨੇ ਕਾਲਿਆਂ ਦੇ ਹੱਕਾਂ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਅਮਰੀਕਾ ਦੀ ਆਰਥਿਕਤਾ ਹਥਿਆਰਾਂ ਦੇ ਉਦਯੋਗ 'ਤੇ ਨਿਰਭਰ ਹੋਣ ਕਾਰਨ ਦੁਨੀਆ ਵਿਚ ਥਾਂ ਪਰ ਥਾਂ ਯੁੱਧ ਨੂੰ ਉਤਸ਼ਾਹਤ ਕਰਦੀ ਹੈ।

ਲੋਕਤੰਤਰ ਨੂੰ ਬਚਾਉਣ ਦੇ ਝੂਠੇ ਬਹਾਨੇ ਲਾ ਕੇ ਦੂਜੇ ਦੇਸ਼ਾਂ 'ਤੇ ਹਮਲੇ ਦੀਆਂ ਅਣਗਿਣਤ ਘਟਨਾਵਾਂ ਹੋਈਆਂ ਹਨ। ਇਰਾਕ, ਲੀਬੀਆ, ਅਫਗਾਨਿਸਤਾਨ ਅਤੇ ਸੀਰੀਆ ਇਸ ਦੀਆਂ ਤਾਜ਼ਾ ਉਦਾਹਰਣਾਂ ਹਨ। ਇਜ਼ਰਾਈਲ ਵਿੱਚ ਜਯਾਨਵਾਦੀ ਸ਼ਾਸਨ ਨੂੰ ਉਨ੍ਹਾਂ ਦਾ ਸਮਰਥਨ ਬਹੁਤ ਸਪੱਸਟ ਹੈ। ਅਮਰੀਕਾ ਅਤੇ ਨਾਟੋ ਦੁਆਰਾ ਯੂਕਰੇਨ ਵਿਚ ਜੈਲੇਂਸਕੀ ਨੂੰ ਸਪੱਸ਼ਟ ਸਮਰਥਨ ਜੰਗ ਨੂੰ ਜਾਰੀ ਰੱਖਣ ਅਤੇ ਲੋਕਾਂ ਦੀਆਂ ਜਾਨਾਂ ਦੀ ਕੀਮਤ 'ਤੇ ਪੈਸਾ ਕਮਾਉਣ ਦਾ ਸਪੱਸਟ ਸੰਕੇਤ ਹੈ। ਇਹ ਸਭ ਜਾਣਦੇ ਹਨ ਕਿ ਅਮਰੀਕੀ ਪ੍ਰਸਾਸਨ ਨੇ ਕਦੇ ਵੀ ਰਾਸਟਰੀ ਮੁਕਤੀ ਲਹਿਰਾਂ ਦਾ ਸਮਰਥਨ ਨਹੀਂ ਕੀਤਾ। ਬੰਗਲਾਦੇਸ ਦੀ ਅਜਾਦੀ ਦੇ ਸੰਘਰਸ ਦੌਰਾਨ ਵੀ ਅਮਰੀਕਾ ਦੀ ਭੂਮਿਕਾ ਕਿਸੇ ਨੂੰ ਭੁੱਲੀ ਨਹੀਂ।

ਅਮਰੀਕੀ ਵੱਡੇ ਵਪਾਰੀ ਹਨ, ਜੋ ਉਦੋਂ ਤੱਕ ਕਿਸੇ ਦਾ ਵੀ ਸਵਾਗਤ ਨਹੀਂ ਕਰਨਗੇ ਜਾਂ ਕੋਈ ਕਦਮ ਨਹੀਂ ਚੁੱਕਣਗੇ, ਜਦੋਂ ਤੱਕ ਇਹ ਉਨ੍ਹਾਂ ਦੇ ਆਰਥਿਕ, ਰਾਜਨੀਤਿਕ, ਫੌਜੀ ਅਤੇ ਰਣਨੀਤਕ ਹਿੱਤਾਂ ਨੂੰ ਪੂਰਾ ਨਹੀਂ ਕਰਦਾ।

ਅਮਰੀਕਾ ਨੇ ਭਾਰਤ ਨਾਲ ਕਈ ਵਪਾਰਕ ਸਮਝੌਤੇ ਕੀਤੇ ਹਨ। ਕਿਸੇ ਵੀ ਤਰ੍ਹਾਂ ਵਪਾਰਕ ਸੰਤੁਲਨ ਸਾਡੇ ਹੱਕ ਵਿੱਚ ਨਹੀਂ ਹੈ। ਉਨ੍ਹਾਂ ਸਫਲਤਾਪੂਰਵਕ ਸਾਨੂੰ ਹਥਿਆਰ ਵੇਚੇ ਹਨ। ਸਪੇਸ ਸ਼ਟਲ ਵਿੱਚ ਇੱਕ ਭਾਰਤੀ ਭੇਜਣ ਦਾ ਸਮਝੌਤਾ ਹੋਇਆ ਹੈ। 28 ਜੂਨ 2023 ਦੇ ਟ੍ਰਿਬਿਊਨ ਵਿੱਚ ਇੱਕ ਲੇਖ ਵਿੱਚ ਵਿਗਿਆਨ ਟਿੱਪਣੀਕਾਰ ਦਿਨੇਸ਼ ਸਰਮਾ ਨੇ ਲਿਖਿਆ ਹੈ, 'ਇਹ ਦਿਲਚਸਪ ਹੈ, ਕਿਉਂਕਿ ਭਾਰਤ ਦਾ ਆਪਣਾ ਮਨੁੱਖੀ ਪੁਲਾੜ ਪ੍ਰੋਗਰਾਮ ਹੈ, ਜਿਸ ਲਈ ਰੂਸ ਵਿੱਚ ਚਾਰ ਭਾਰਤੀ ਪੁਲਾੜ ਯਾਤਰੀਆਂ ਨੂੰ ਸਿਖਲਾਈ ਦਿੱਤੀ ਗਈ ਹੈ।'

ਸਭ ਤੋਂ ਵੱਡਾ ਲੋਕਤੰਤਰ ਉਹ ਹੋਵੇਗਾ, ਜੋ ਦੇਸ਼ ਦੇ ਨਾਲ-ਨਾਲ ਦੂਜੇ ਦੇਸ਼ਾਂ ਦੇ ਨਾਗਰਿਕਾਂ ਦਾ ਵੀ ਸਨਮਾਨ ਕਰੇ। ਇਸ ਲਈ ਆਪਣੇ ਆਪ ਨੂੰ ਸਭ ਤੋਂ ਵੱਡਾ ਲੋਕਤੰਤਰ ਕਹਿਣਾ ਚੰਗਾ ਲੱਗ ਸਕਦਾ ਹੈ, ਪਰ ਚੱਲ ਰਹੀਆਂ ਘਟਨਾਵਾਂ ਨਾਲ ਮੇਲ ਨਹੀਂ ਖਾਂਦਾ।

**# ਸੰਪਰਕ : 94170-00360**

# ਨਸ਼ਾਖੋਰੀ ਵਿਰੁੱਧ ਵਿਆਪਕ ਕਾਰਵਾਈ ਅਤੇ ਇਕਜੁਟਤਾ ਦੀ ਲੋੜ

ਇਨ੍ਹੀਂ ਦਿਨੀਂ ਵੱਖ-ਵੱਖ ਇਲਾਕਿਆਂ ਦੀਆਂ ਨਸ਼ਾ ਕਰਦੇ ਅਤੇ ਤੁਰਨ ਤੋਂ ਵੀ ਅਸਮਰੱਥ ਦਿਖਾਈ ਦੇ ਰਹੇ ਨੌਜਵਾਨਾਂ ਦੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੀ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਅੱਜਕੱਲ੍ਹ ਚਾਰ-ਚੁਫੇਰੇ ਪੁਲਸ ਵੱਲੋਂ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ, ਨਸ਼ਾ ਪੀੜਤਾਂ ਦੇ ਪੁਨਰਵਾਸ ਦੀਆਂ ਸੁਵਿਧਾਵਾਂ 'ਚ ਸੁਧਾਰ ਕਰਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਸੰਬੰਧੀ ਵਿਉਂਤਬੰਦੀ ਕਰਨ ਬਾਰੇ ਚਰਚਾਵਾਂ ਦਾ ਬਜ਼ਾਰ ਹਰ ਪਾਸੇ ਗਰਮ ਨਜ਼ਰ ਆ ਰਿਹਾ ਹੈ। ਇਹ ਠੀਕ ਹੈ ਕਿ ਬੀਤੇ ਦਿਨੀਂ ਪੁਲਸ ਨੇ ਨਸ਼ਾ ਤਸਕਰਾਂ ਵਿਰੁੱਧ ਸਖਤੀ ਕਰਦਿਆਂ ਵਿਸ਼ੇਸ਼ ਸਰਚ ਅਭਿਆਨ ਵੀ ਚਲਾਇਆ ਸੀ ਅਤੇ ਨਸ਼ਿਆਂ ਸਮੇਤ ਕਈਆਂ ਨੂੰ ਆਪਣੀ ਹਿਰਾਸਤ 'ਚ ਵੀ ਲਿਆ ਸੀ, ਪਰ ਨਸ਼ਿਆਂ ਦੇ ਸੌਦਾਗਰਾਂ ਨੇ ਤਾਂ ਜਿਵੇਂ ਪੰਜਾਬ ਨੂੰ ਆਪਣਾ ਨਿਸ਼ਾਨਾ ਹੀ ਮਿੱਥ ਲਿਆ ਹੋਵੇ, ਹਰ ਰੋਜ਼ ਅਖ਼ਬਾਰਾਂ 'ਚ ਪ੍ਰਕਾਸ਼ਿਤ ਹੁੰਦੀਆਂ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਦੀਆਂ ਖਬਰਾਂ ਨਾਲ ਆਮ ਲੋਕਾਂ 'ਚ ਤਾਂ ਪਰੇਸ਼ਾਨੀ, ਡਰ ਅਤੇ ਸਹਿਮ ਦਾ ਮਾਹੌਲ ਬਣਨਾ ਸੁਭਾਵਿਕ ਹੀ ਹੈ, ਨੌਜਵਾਨਾਂ ਨੂੰ ਕੁਰਾਹੇ ਪਾ ਕੇ ਮੌਤ ਵੰਡਣ ਵਾਲੇ ਇਹ ਡਰੱਗ ਮਾਫੀਆ, ਨਸ਼ੇ ਵੱਲ ਬੜੀ ਹੀ ਚਲਾਕੀ ਨਾਲ ਛੋਟੀ ਉਮਰ ਦੇ ਨੌਜਵਾਨਾਂ ਨੂੰ ਮੋੜਨ ਵਾਲੇ ਦੋਮੂੰਹੇ ਇਹ ਅਜ਼ਗਰ ਸਾਡੇ ਭਵਿੱਖ ਸਾਡੇ-ਬੱਚਿਆਂ ਨੂੰ ਨਿਗਲਦੇ ਹੀ ਜਾ ਰਹੇ ਹਨ। ਨਸ਼ਾ ਜਿਸ ਤਰ੍ਹਾਂ ਦਿਨੋਂ-ਦਿਨ ਵਧਦਾ ਜਾ ਰਿਹਾ ਹੈ, ਇਹ ਸੱਚਮੁੱਚ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ, ਉਹ ਨੌਜਵਾਨ ਪੀੜ੍ਹੀ-ਮੁੰਡੇ-ਕੁੜੀਆਂ ਜਿਸ ਨੂੰ ਅਸੀਂ ਆਪਣੇ ਦੇਸ਼ ਦੀ ਸ਼ਕਤੀ ਤੇ ਸੁਨਹਿਰਾ ਭਵਿੱਖ ਮੰਨਦੇ ਹਾਂ, ਉਹ ਨਸ਼ਿਆਂ ਦੀ ਦਲ-ਦਲ 'ਚ ਧੱਸਦੇ ਹੀ ਜਾ ਰਹੇ ਹਨ, ਹੁਣ ਤਾਂ ਸਭ ਦਾ ਇੱਕੋ ਹੀ ਸਵਾਲ ਹੈ ਕਿ ਆਖਿਰ ਕੌਣ ਬਚਾਊ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ, ਨਸ਼ਾ ਬਰਬਾਦੀ ਅਤੇ ਉਜਾੜੇ ਦਾ ਜਨਮਦਾਤਾ ਹੈ, ਨਸ਼ੇ ਦੀ ਸ਼ੁਰੂਆਤ ਭਾਂਵੇ ਨਕਲ, ਸ਼ੌਂਕ, ਫੁਕਰਾਪਣ ਜਾਂ ਕਿਸੇ ਮਜਬੂਰੀ ਵਿੱਚ ਕੀਤੀ ਜਾਂਦੀ ਹੈ, ਪਰ ਬਾਅਦ ਵਿੱਚ ਇਹ ਆਦਤ ਬਣ ਜਾਂਦੀ ਹੈ ਅਤੇ ਉਸ ਵਕਤ ਲੱਗੀ ਨਸ਼ੇ ਦੀ ਲਤ ਅੱਖਾਂ ਅੱਗੇ ਹਨੇਰਾ ਕਰ ਦਿੰਦੀ ਹੈ, ਜਦੋਂ ਨਸ਼ੇ ਦੀ ਪੂਰਤੀ ਨਹੀਂ ਹੁੰਦੀ ਤਾਂ ਨੌਜੁਆਨ ਅਤੇ ਕਿਸ਼ੋਰ ਬੇਖੌਫ ਚੋਰੀਆਂ, ਡਾਕੇ ਅਤੇ ਲੁੱਟਾਂ-ਖੋਹਾਂ ਦਾ ਰਸਤਾ ਅਖਤਿਆਰ ਕਰ ਲੈਂਦੇ ਹਨ।

ਨਸ਼ਿਆਂ ਨੇ ਕਈ ਪਰਵਾਰਾਂ ਦੇ ਚਿਰਾਗ ਬੁਝਾ ਦਿੱਤੇ, ਅਨੇਕਾਂ ਘਰਾਂ ਦੇ ਚੁੱਲ੍ਹੇ ਠੰਢੇ ਕਰ ਛੱਡੇ ਹਨ। ਭੰਗ, ਅਫੀਮ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਹੁਣ ਨਿਵੇਕਲੇ, ਘਾਤਕ, ਜਾਨਲੇਵਾ ਅਤੇ ਮਹਿੰਗੇ ਨਸ਼ੇ ਚਰਸ, ਬਰਾਊਨ ਸ਼ੂਗਰ, ਸਮੈਕ, ਹੈਰੋਇਨ, ਟੀਕੇ, ਗੋਲੀਆਂ ਅਤੇ ਕੈਪਸੂਲ ਆਦਿ ਦੀ ਵਰਤੋਂ ਬਰਬਾਦੀ ਹੀ ਹੈ।



ਡਾ. ਪ੍ਰਭਦੀਪ ਸਿੰਘ ਚਾਵਲਾ

**ਕਿਉਂ ਵਧ ਰਿਹੈ ਨਸ਼ੇ ਦਾ ਰੁਝਾਨ**

-ਪਰਵਾਰ ਵਿੱਚ ਜੇ ਕੋਈ ਮੈਂਬਰ ਨਸ਼ਾ ਕਰਦਾ ਹੈ ਤਾਂ ਜ਼ਿਆਦਾਤਰ ਦੇਖਿਆ ਗਿਆ ਹੈ ਕਿ ਉਸ ਨੂੰ ਦੇਖ ਕੇ ਹੀ ਘਰ ਦਾ ਕੋਈ ਛੋਟਾ ਬੱਚਾ ਜਾਂ ਮੈਂਬਰ ਵੀ ਨਸ਼ੇ ਦੀ ਵਰਤੋਂ ਕਰਨ ਲੱਗਦਾ ਹੈ।

-ਮਾਨਸਿਕ ਪ੍ਰੇਸ਼ਾਨੀ, ਘਬਰਾਹਟ, ਵਹਿਮ ਜਾਂ ਬਿਮਾਰੀ ਕਰਕੇ ਵੀ ਕਈ ਨੌਜਵਾਨ ਨਸ਼ੇ ਦੀ ਵਰਤੋਂ ਕਰਦੇ ਹਨ।

- ਨਸ਼ੇ ਦੀ ਵਰਤੋਂ ਲੋਕ ਅਰਾਮ ਕਰਨ ਲਈ ਨਹੀਂ ਕਰਦੇ, ਸਗੋਂ ਕਿਸੇ ਡੂੰਘੇ ਉਦੇਸ਼ ਦੀ ਪ੍ਰਾਪਤੀ, ਮਾਨਸਿਕ ਦਬਾਅ ਨੂੰ ਘਟਾਉਣ ਲਈ ਕਰਦੇ ਹਨ।

-ਜਵਾਨੀ ਦਾ ਸਮਾਂ ਮਿਹਨਤ, ਲਗਨ ਦੇ ਨਾਲ ਸਿੱਖਿਆ ਹਾਸਲ ਕਰਕੇ ਬੁਲੰਦੀਆਂ ਨੂੰ ਛੂਹਣ ਦਾ ਹੁੰਦਾ ਹੈ, ਪਰ ਕਈ ਜਵਾਨੀ ਦੇ ਦੌਰ ਨੂੰ ਸਿਰਫ ਜੋਸ਼, ਸ਼ੌਂਕ, ਮੰਨੋਰੰਜਨ, ਜਸ਼ਨ, ਖੁਸ਼ਹਾਲੀ ਕਹਿ ਕੇ ਖੁਸ਼ੀ ਮਨਾਉਣ ਲਈ ਨਸ਼ਾ ਕਰਦੇ ਹਨ।

-ਬੇਰੁਜ਼ਗਾਰੀ, ਭਵਿੱਖ ਦੀ ਚਿੰਤਾ, ਪਰਵਾਰਕ ਲੜਾਈ-ਝਗੜੇ ਜਾਂ ਕੋਈ ਹੋਰ ਮਜਬੂਰੀ ਕਰਕੇ ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ।

-ਸਰੀਰਕ ਸਮਰੱਥਾ, ਕਾਰਜ-ਕੁਸ਼ਲਤਾ, ਜ਼ੋਰ-ਅਜ਼ਮਾਇਸ਼ ਕਰਨ ਜਾਂ ਸਰੀਰਕ ਤੇਜ਼ੀ ਲਿਆਉਣ ਲਈ ਵੀ ਨੌਜਵਾਨ ਨਸ਼ਾ ਕਰਦੇ ਹਨ।

- ਪਹਿਲੀ ਵਾਰ 'ਚ ਹੀ ਕਿਸੇ ਵੱਡੇ ਨਸ਼ੇ ਦਾ ਸੇਵਨ ਕਰ ਲੈਣਾ ਭੁਲਾਉਣਾ ਔਖਾ ਹੋ ਸਕਦਾ ਹੈ ਤੇ ਨਸ਼ੇ ਦੀ ਲਤ ਲੱਗਣ ਦਾ ਅਧਾਰ ਵੀ ਬਣ ਸਕਦਾ ਹੈ।

ਨਸ਼ੇ ਕਰਨ ਨਾਲ ਸਰੀਰ ਦੇ ਨਾੜੀ-ਤੰਤਰ, ਅੰਦਰੂਨੀ ਅੰਗਾਂ ਦਿਲ, ਜਿਗਰ, ਫੇਫੜੇ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਨਸ਼ੇ ਦੀ ਆਦਤ ਨਾਲ ਵਿਅਕਤੀ ਦਾ ਵਿਹਾਰ ਆਮ ਨਹੀਂ ਰਹਿੰਦਾ ਅਤੇ ਉਸ ਦਾ ਆਪਣੇ ਹੀ ਦਿਮਾਗ 'ਤੇ ਨਿਯੰਤਰਣ ਘਟ ਜਾਂਦਾ ਹੈ, ਜਿਸ ਕਰਕੇ ਗੁੱਸਾ ਆਉਣਾ, ਗਾਲੀ-ਗਲੋਚ ਕਰਨਾ ਜਾਂ ਹਮਲਾ ਕਰਨਾ ਉਸ ਦਾ ਆਮ ਵਿਹਾਰ ਬਣ ਜਾਂਦਾ ਹੈ। ਨਸ਼ੇ ਕਰਨ ਵਾਲੇ ਨੂੰ ਕੋਈ ਮੂੰਹ ਨਹੀਂ ਲਾਉਣਾ ਚਾਹੁੰਦਾ। ਨਸ਼ੇ ਨਾਲ ਰੱਜਿਆ ਵਿਅਕਤੀ ਕੋਈ ਨੌਕਰੀ ਜਾਂ ਕੰਮ ਵੀ ਨਹੀਂ ਕਰ ਸਕਦਾ, ਜਿਸ ਕਰਕੇ ਉਸ ਦਾ ਆਰਥਿਕ ਨੁਕਸਾਨ ਵੀ ਹੋਣਾ ਨਿਸ਼ਚਿਤ ਹੋ ਜਾਂਦਾ ਹੈ, ਪਰ ਕਿਹਾ ਜਾਂਦਾ ਹੈ ਕਿ "ਨਸ਼ੇ ਤੋਂ ਨਫਰਤ ਕਰੋ, ਨਸ਼ਾ ਕਰਨ ਵਾਲੇ ਤੋਂ ਨਹੀਂ" ਨਸ਼ਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਨਸ਼ੇੜੀ ਜਾਂ ਅਮਲੀ ਕਹਿਣਾ ਵੀ ਗਲਤ ਹੈ, ਉਸ ਨੂੰ ਇੱਕ ਬਿਮਾਰ ਜਾਂ ਮਾਨਸਿਕ ਪੀੜਤ ਵਿਅਕਤੀ ਦੇ ਵਾਂਗ ਹੀ ਸਮਝਣਾ, ਉਸ ਦਾ ਇਲਾਜ ਕਰਵਾਉਣਾ ਅਤੇ ਉਸ ਦੀ ਮਦਦ ਕਰਨੀ ਚਾਹੀਦੀ ਹੈ। ਨਸ਼ਿਆਂ ਦੀ ਦਲ-ਦਲ ਵਿੱਚ ਫਸੇ ਵਿਅਕਤੀਆਂ ਨੂੰ ਸਹੀ ਰਸਤਾ ਵਿਖਾਉਣ, ਸਮਾਜ ਵਿੱਚ ਉਨ੍ਹਾਂ ਦਾ ਰੁਤਬਾ ਮੁੜ ਸੁਰਜੀਤ ਕਰਨ ਲਈ ਸਿਹਤ ਤੇ ਪਰਵਾਰ ਭਲਾਈ ਵਿਭਾਗ ਵੱਲੋਂ ਡਰੱਗ-ਡੀ-ਅਡਿਕਸ਼ਨ ਪ੍ਰੋਗਰਾਮ ਤਹਿਤ "ਨਸ਼ਿਆਂ ਨੂੰ ਕਹੋ ਨਾਂਹ-ਜ਼ਿੰਦਗੀ ਨੂੰ ਕਹੋ ਹਾਂ" ਦਾ ਨਾਅਰਾ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਨਸ਼ਾ ਪੀੜਤਾਂ ਦੇ ਮੁਫਤ ਇਲਾਜ ਲਈ ਨਸ਼ਾ ਛੁਡਾਓ ਕੇਂਦਰ (ਨਵ-ਜੀਵਨ ਕੇਂਦਰ), ਓਟ ਕਲੀਨਕ ਅਤੇ ਪੁਨਰਵਾਸ ਕੇਂਦਰਾਂ (ਨਵ-ਨਿਰਮਾਣ ਕੇਂਦਰਾਂ) ਦਾ ਕਾਰਜਸ਼ੀਲ ਹੋਣਾ ਅਤੇ ਇਹਨਾਂ ਸੰਸਥਾਵਾਂ ਵਿੱਚ ਮਨੋਚਿਕਿਤਸਕ, ਕੌਂਸਲਰ, ਸੋਸ਼ਲ ਵਰਕਰ ਅਤੇ ਹੋਰ ਮੈਡੀਕਲ, ਪੈਰਾ-ਮੈਡੀਕਲ ਸਟਾਫ ਦਾ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ। ਇਹਨਾਂ ਸੈਂਟਰਾਂ ਵਿੱਚ ਮਰੀਜ਼ਾਂ ਲਈ ਖਾਣਾ, ਮਨੋਰੰਜਨ ਦੀਆਂ ਸੁਵਿਧਾਵਾਂ, ਯੋਗਾ-ਕਸਰਤ ਅਤੇ ਸਮਾਜ ਵਿੱਚ ਵਿਚਰਨ ਅਤੇ ਰੋਜ਼ੀ-ਰੋਟੀ ਦੇ ਕਾਬਲ ਬਣਾਉਣ ਲਈ ਕਿੱਤਾ-ਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਹ ਠੀਕ ਹੈ ਕਿ ਸਿੱਖਿਆ, ਸਮਾਜਸੇਵੀ ਸੰਸਥਾਵਾਂ, ਪੰਚਾਇਤਾਂ, ਪੇਂਡੂ ਸਿਹਤ ਕਮੇਟੀਆਂ ਦੇ ਸਹਿਯੋਗ ਤੇ ਪੁਲਸ ਵਿਭਾਗ ਦੀ ਸਖਤੀ ਅਤੇ ਤਾਲਮੇਲ ਨੇ ਅਨੇਕਾਂ ਹੀ ਘਰਾਂ ਨੂੰ ਉਜੜਨ ਤੋਂ ਬਚਾਅ ਲਿਆ ਹੈ, ਜਿਨ੍ਹਾਂ ਨੇ ਤਾਂ ਸਮਾਂ ਸਾਂਭ ਲਿਆ ਅਤੇ ਮਨ ਪੱਕਾ ਕਰਕੇ ਨਸ਼ਾ ਛੱਡਣ ਦਾ ਤਹੱਈਆ ਕੀਤਾ ਹੈ, ਉਨ੍ਹਾਂ ਵਿਚੋਂ ਕੁਝ ਕੁ ਇਲਾਜ ਅਧੀਨ ਹਨ ਅਤੇ ਬਹੁਤੇ ਤਾਂ ਤੰਦਰੁਸਤ ਹੋ ਕੇ ਆਪਣੇ-ਆਪਣੇ ਪਰਵਾਰਾਂ ਨਾਲ ਇਸ ਖੂਬਸੂਰਤ ਜ਼ਿੰਦਗੀ ਦਾ ਅਨੰਦ ਵੀ ਮਾਣ ਰਹੇ ਹਨ। ਪਰ ਕਈ ਅਜੇ ਵੀ ਹਨ, ਜੋ ਨਸ਼ੇ ਦੀ ਲਪੇਟ ਤੋਂ ਨਹੀਂ ਛੁੱਟ ਸਕੇ, ਆਓ ਹੰਭਲਾ ਮਾਰੀਏ ਅਤੇ ਨਸ਼ਾ ਪੀੜਤ ਨੂੰ ਇਲਾਜ ਲਈ ਹਸਪਤਾਲ ਪਹੁੰਚਾਈਏ। ਛੋਟੀ ਉਮਰ ਵਿੱਚ ਹੀ ਮਾੜੀ ਸੰਗਤ ਵਿੱਚ ਸ਼ਾਮਲ ਹੋ ਕੇ ਨਸ਼ੇ ਕਰਨ ਵਾਲੇ ਬੱਚਿਆਂ ਦਾ ਕਈ ਵਾਰ ਪਰਵਾਰਕ ਮੈਂਬਰਾਂ ਨੂੰ ਪਤਾ ਹੀ ਨਹੀਂ ਚਲਦਾ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਲੱਛਣ ਜਿਵੇਂ ਸਰੀਰਕ ਤੇ ਮਾਨਸਿਕ ਹਾਵ-ਭਾਵ, ਵਿਹਾਰ 'ਚ ਪਰਿਵਰਤਣ, ਚਿੜਚਿੜਾਪਣ, ਇਕੱਲੇ ਰਹਿਣਾ, ਜ਼ਿਆਦਾ ਖਰਚੀਲੇ ਹੋਣਾ ਜਾਂ ਪੈਸੇ ਚੋਰੀ ਕਰਨਾ, ਭੁੱਖ ਜਾਂ ਨੀਂਦ 'ਚ ਉਤਰਾਅ-ਚੜ੍ਹਾਅ ਜਾਂ ਬੇਚੈਨ ਰਹਿਣਾ ਵਰਗੇ ਲੱਛਣਾਂ ਨੂੰ ਭਲੀ-ਭਾਂਤ ਪਹਿਚਾਣ ਲੈਣ ਤੇ ਬਿਨਾਂ ਦੇਰੀ ਕੀਤੇ ਉਨ੍ਹਾਂ ਦਾ ਭਵਿੱਖ ਬਰਬਾਦ ਹੋਣ ਤੋਂ ਬਚਾਅ ਲੈਣ, ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਤੁਹਾਨੂੰ ਨਸ਼ਿਆਂ 'ਤੇ ਲਾਉਣ ਵਾਲਾ ਤੁਹਾਡਾ ਦੋਸਤ ਨਹੀਂ, ਤੁਹਾਡਾ ਦੁਸ਼ਮਣ ਹੈ, "ਨਸ਼ਾ ਮਜ਼ਾ ਨਹੀਂ-ਸਜ਼ਾ ਹੈ"।

ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਕਿਸੇ ਇੱਕ ਵਿਅਕਤੀ ਦਾ ਨਸ਼ਾ ਛੁਡਾਈਏ ਅਤੇ ਸਾਰੇ ਪਰਵਾਰ ਦੇ ਜੀਵਨ ਦਾਨ ਦਾ ਪੁੰਨ ਕਮਾਈਏ।

**ਨਸ਼ੇ ਦੀ ਆਦਤ ਛੱਡਣ ਲਈ ਕੁਝ ਸੁਝਾਅ**

-ਨਸ਼ੇ ਛੱਡਣ ਲਈ ਵਿਅਕਤੀ ਨਵੀਆਂ ਆਦਤਾਂ-ਰੁਝਾਨ ਭਾਲੇ, ਜਿਸ ਵਿੱਚ ਉਸ ਨੂੰ ਅਨੰਦ ਤੇ ਖੁਸ਼ੀ ਮਿਲੇ ਅਤੇ ਧਿਆਨ ਲੱਗੇ, ਜਿਵੇਂ ਸੰਗੀਤ ਸੁਣਨਾ, ਪੇਂਟਿੰਗ ਕਰਨੀ, ਖਾਣਾ ਬਣਾਉਣਾ, ਪੌਦਿਆਂ ਦੀ ਦੇਖ-ਭਾਲ, ਘਰ ਦੇ ਕੰਮ-ਕਾਜ ਆਦਿ।

-ਕਸਰਤ ਅਤੇ ਖੇਡਾਂ ਵਿੱਚ ਭਾਗ ਲੈਣਾ ਲਾਹੇਵੰਦ ਹੋ ਸਕਦਾ ਹੈ, ਲਹੂ-ਚੱਕਰ, ਦਿਲ ਦੀ ਧੜਕਣ ਅਤੇ ਫੇਫੜਿਆਂ ਦੀ ਸ਼ਕਤੀ ਤੇ ਪ੍ਰਭਾਵ ਪੈਂਦਾ ਹੈ।

-ਮੈਡੀਟੇਸ਼ਨ ਕਰਕੇ ਸਰੀਰਕ ਅਤੇ ਮਾਨਸਿਕ ਇੱਕਜੁਟਤਾ 'ਚ ਸੁਧਾਰ ਅਤੇ ਇਕਾਗਰਤਾ 'ਚ ਵਾਧਾ ਹੋ ਸਕਦਾ ਹੈ।

-ਚੰਗੀ ਖੁਰਾਕ ਦਾ ਸੇਵਨ ਕਰਨ ਨਾਲ ਸਰੀਰ ਰਿਸ਼ਟ-ਪੁਸ਼ਟ ਹੋ ਜਾਂਦਾ ਹੈ, ਰਿਕਵਰੀ ਕਰ ਰਹੇ ਵਿਅਕਤੀ ਲਈ ਸੰਤੁਲਿਤ ਆਹਾਰ ਲੈਣਾ ਫਾਇਦੇਮੰਦ ਹੋ ਸਕਦਾ ਹੈ।

-ਸਮੁਦਾਇਕ ਭਾਗੀਦਾਰੀ ਕਰਨੀ ਚਾਹੀਦੀ ਹੈ, ਬੁੱਧੀਜੀਵੀਆਂ, ਸਹਿਪਾਠੀਆਂ, ਪੁਰਾਣੇ ਦੋਸਤਾਂ-ਮਿੱਤਰਾਂ ਅਤੇ ਆਂਢ-ਗੁਆਂਢ ਮਿਲਣ ਗਿਲਣ ਨਾਲ ਮੁੜ ਵਿਸ਼ਵਾਸ ਅਤੇ ਰੁਤਬਾ ਬਹਾਲ ਹੋ ਸਕਦਾ ਹੈ ਅਤੇ ਆਤਮ-ਵਿਸ਼ਵਾਸ਼ ਵਧ ਸਕਦਾ ਹੈ।

-ਮਾੜੀ ਸੰਗਤ ਤੋਂ ਦੂਰ ਰਹੋ, ਤਾਂ ਜੋ ਦੁਬਾਰਾ ਉਸ ਮਾਹੌਲ 'ਚ ਸ਼ਾਮਲ ਨਾ ਹੋਵੋ ਅਤੇ ਨਸ਼ੇ ਦੀ ਤੋੜ ਨਾ ਲੱਗੇ, ਦਿਲ-ਦਿਮਾਗ 'ਤੇ ਕੰਟਰੋਲ ਰਹੇ ਅਤੇ ਇਰਾਦਾ ਦ੍ਰਿੜ੍ਹ ਬਣਿਆ ਰਹੇ।

-ਕਿਸੇ ਸਮਾਜਸੇਵੀ ਸੰਸਥਾ, ਕਲੱਬ ਜਾਂ ਵਲੰਟੀਅਰ ਨਾਲ ਤਾਲਮੇਲ ਰੱਖੋ ਤਾਂ ਜੋ ਆਪਣੇ ਤਜਰਬੇ ਜਾਂ ਵਿਚਾਰ ਸਾਂਝੇ ਕਰਕੇ ਕਿਸੇ ਮੌਕੇ ਮਦਦ ਲਈ ਜਾ ਸਕੇ।

-ਨਸ਼ਾ ਛੁਡਾਓ ਕੇਂਦਰ ਦੇ ਡਾਕਟਰ ਅਤੇ ਟੀਮ ਮੈਂਬਰਾਂ ਦੀ ਮਦਦ ਲੈਣੀ, ਸਲਾਹ ਕਰਨੀ ਤੇ ਆ ਰਹੀਆਂ ਸਰੀਰਕ ਤੇ ਮਾਨਸਿਕ ਮੁਸ਼ਕਲਾਂ ਸੰਬੰਧੀ ਜਾਣਕਾਰੀ ਸਾਂਝੀ ਕਰਕੇ ਸਹੀ ਇਲਾਜ ਕਰਵਾਉਣਾ ਚਾਹੀਦਾ ਹੈ।

-ਨਸ਼ਾ ਛੱਡਣ ਵਾਲਾ ਵਿਅਕਤੀ ਜੇ ਹੋ ਸਕੇ, ਜਲਦ ਤੋਂ ਜਲਦ ਆਪਣੀ ਪੜ੍ਹਾਈ ਮੁੜ ਜਾਰੀ ਕਰ ਲਵੇ। ਜੇ ਨੌਕਰੀ ਕਰਦਾ ਹੈ ਤਾਂ ਵਰਕ ਪਲੇਸ ਦੇ ਵਾਤਾਵਰਣ 'ਚ ਢਲ ਜਾਵੇ, ਜੇ ਬੇਰੁਜ਼ਗਾਰ ਹੈ ਤਾਂ ਰੁਚੀ ਮੁਤਾਬਕ ਕਿੱਤਾਮੁਖੀ ਕੋਰਸ ਦੀ ਚੋਣ ਕਰਕੇ ਬੈਂਕ ਕਰਜੇ-ਲੋਨ ਲਈ ਯੋਗਤਾ ਪੂਰੀ ਕਰਕੇ ਸਵੈ-ਰੁਜ਼ਗਾਰ ਸਥਾਪਤ ਕੀਤਾ ਜਾ ਸਕਦਾ ਹੈ।

**# ਸੰਪਰਕ : 98146-56257**

## ਵੋਟਾਂ ਵੇਲੇ ਮੁਫ਼ਤ ਸਹੂਲਤਾਂ

ਵੋਟਾਂ ਵੇਲੇ ਗਰੀਬ ਵਰਗ ਨੂੰ ਆਟਾ, ਦਾਲ, ਖੰਡ, ਚਾਹ ਪੱਤੀ ਮੁਫਤ ਦੇਣ ਦੇ ਵਾਅਦੇ ਕੀਤੇ ਜਾਂਦੇ ਹਨ। ਲੀਡਰ ਕਹਿੰਦੇ ਹਨ ਕਿ ਇਹ ਸਾਰਾ ਕੁਝ ਤੁਹਾਨੂੰ ਮੁਫਤ ਦੇਵਾਂਗੇ, ਸਾਨੂੰ ਤੁਸੀਂ ਵੋਟਾਂ ਪਾ ਦਿਓ। ਲੋਕ ਲਾਲਚ ਵਿਚ ਆ ਕੇ ਵੋਟਾਂ ਪਾਉਂਦੇ ਹਨ, ਪਰ ਜਦੋਂ ਸਬੰਧਤ ਪਾਰਟੀ ਦੀ ਸਰਕਾਰ ਬਣ ਜਾਂਦੀ ਹੈ ਤਾਂ ਲੋਕਾਂ ਨਾਲ ਕੀਤੇ ਵਾਅਦੇ ਵਫ਼ਾ ਨਹੀਂ ਹੁੰਦੇ। ਡਾਕਟਰ ਅੰਬੇਡਕਰ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ ਕਿ ਲੀਡਰ ਤੁਹਾਨੂੰ ਮੁਫਤ ਸਹੂਲਤਾਂ ਦੇਣਗੇ, ਪਰ ਤੁਸੀਂ ਉਨ੍ਹਾਂ ਤੋਂ ਮਿਆਰੀ ਸਿੱਖਿਆ, ਮੁਫਤ ਸਿੱਖਿਆ ਦੀ ਮੰਗ ਕਰੋ, ਕੰਮ ਸੱਭਿਆਚਾਰ ਸਿਰਜਣ ਦਾ ਤੱਰਦਦ ਕਰੋ। ਸਾਨੂੰ ਜੇ ਬਿਜਲੀ, ਪਾਣੀ ਦੇਣਾ ਹੀ ਹੈ ਤਾਂ ਉਹ ਘੱਟ ਰੇਟ 'ਤੇ ਦਿਓ। ਸਾਨੂੰ ਸਰਕਾਰਾਂ ਤੋਂ ਮਿਆਰੀ ਸਿੱਖਿਆ, ਮਿਆਰੀ ਸਿਹਤ ਸਹੂਲਤਾਂ ਅਤੇ ਵਰਕ ਕਲਚਰ ਦੀ ਮੰਗ ਕਰਨੀ ਚਾਹੀਦੀ ਹੈ। ਕਾਨੂੰਨ ਅਵਸਥਾ ਠੀਕ ਕਰਨ ਦੀ ਮੰਗ ਕਰੋ, ਮੁਫਤ ਸਹੂਲਤਾਂ ਨਾਲ ਅਸੀਂ ਮਾਨਸਕ ਪੱਖੋਂ ਅਪਾਹਜ ਹੋ ਜਾਵਾਂਗੇ।

**-ਡਾਕਟਰ ਨਰਿੰਦਰ ਭੱਪਰ ਝਬੇਲਵਾਲੀ, 62841-45349**

# ਪਾਠਕ-ਸੱਥ

## ਸੋਨੇ ਦੀਆਂ ਅਸਮਾਨ ਛੂਹਦੀਆਂ ਕੀਮਤਾਂ

ਪਿਛਲੇ ਕਈ ਸਾਲਾਂ ਤੋਂ ਸੋਨੇ ਦੀਆਂ ਕੀਮਤਾਂ ਘਟਣ ਦੀ ਬਜਾਏ ਦਿਨ-ਬ-ਦਿਨ ਵਧਦੀਆਂ ਹੀ ਜਾ ਰਹੀਆਂ ਹਨ, ਜਿਸ ਕਰਕੇ ਗਰੀਬ ਲੋਕ ਆਪਣੀਆਂ ਧੀਆਂ ਦੇ ਵਿਆਹ ਲਈ ਮਾਮੂਲੀ ਜਿਹਾ ਸੋਨਾ ਵੀ ਖਰੀਦਣ ਤੋਂ ਅਸਮਰਥ ਹਨ। ਦੂਜੇ ਪਾਸੇ ਅਮੀਰ ਲੋਕ ਬਿਨਾਂ ਜ਼ਰੂਰਤ ਤੋਂ ਹੀ ਵੱਡੀ ਤਾਦਾਦ ਵਿੱਚ ਹਰ ਵਰ੍ਹੇ ਸੋਨਾ ਖਰੀਦ ਰਹੇ ਹਨ, ਜੋ ਸਿਰਫ ਉਹਨਾਂ ਦੀਆਂ ਬੰਦ ਅਲਮਾਰੀਆਂ ਤੱਕ ਹੀ ਸੀਮਿਤ ਰਹਿੰਦਾ ਹੈ। ਅਨੇਕਾਂ ਹੀ ਅਜਿਹੇ ਲੋਕ ਹਨ, ਜੋ ਸੋਨੇ ਦੇ ਅਣਗਿਣਤ ਗਹਿਣੇ ਬਿਨਾਂ ਜਰੂਰਤ ਖਰੀਦ ਕੇ ਘਰ ਰੱਖੀ ਬੈਠੇ ਹਨ। ਵਾਧੂ ਪੈਸੇ ਹੋਣ ਕਰਕੇ ਹੀ ਅਮੀਰ ਲੋਕ ਸੋਨਾ ਖਰੀਦ-ਖਰੀਦ ਕੇ ਰੱਖ ਰਹੇ ਹਨ। ਅਮੀਰ ਲੋਕਾਂ ਨੂੰ ਆਪਣੇ ਘਰਾਂ ਵਿੱਚ ਪਿਆ ਵੱਡੀ ਤਾਦਾਦ ਵਿੱਚ ਸੋਨਾ ਬਾਜਾਰ ਵਿੱਚ ਲਿਆਉਣਾ ਚਾਹੀਦਾ ਹੈ, ਤਾਂ ਜੋ ਕੀਮਤਾਂ ਘਟਣ ਕਰਕੇ ਗਰੀਬ ਲੋਕ ਵੀ ਆਪਣੀਆਂ ਧੀਆਂ ਦੇ ਚਾਅ/ਸ਼ੌਕ ਪੂਰੇ ਕਰ ਸਕਣ। ਸਰਕਾਰ ਨੂੰ ਵੀ ਇਸ ਪਾਸੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਤੇ ਅਮੀਰ ਗਰੀਬ ਦੇ ਵੱਡੇ ਪੱਧਰ 'ਤੇ ਵਧ ਰਹੇ ਪਾੜੇ ਨੂੰ ਸਖਤੀ ਨਾਲ ਠੱਲ੍ਹ ਪਾਉਣੀ ਚਾਹੀਦੀ ਹੈ। ਇਸ ਨਾਲ ਕਾਫੀ ਹੱਦ ਤੱਕ ਆਪਸੀ ਭਾਈਚਾਰਕ ਸਾਂਝ ਬਣਾਈ ਜਾ ਸਕਦੀ ਹੈ।

**-ਅੰਗਰੇਜ਼ ਸਿੰਘ ਵਿੱਕੀ, 98888-70822**

5-July-PAGE- 8 qxd.qxd 7/4/2023 10:40 PM Page 1



# ਜੂਨ ਦੌਰਾਨ ਆਬਕਾਰੀ ਤੇ ਜੀ ਐੱਸ ਟੀ ਮਾਲੀਏ 'ਚ 79% ਤੇ 28% ਦਾ ਮਹੱਤਵਪੂਰਨ ਵਾਧਾ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਮਾਲੀਏ ਵਿੱਚ ਵਾਧਾ ਕਰਨ ਲਈ ਕੀਤੇ ਗਏ ਅਣਥੱਕ ਯਤਨਾਂ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ ਅਤੇ ਸੂਬੇ ਨੇ ਜੂਨ 2022 ਦੇ ਮੁਕਾਬਲੇ ਜੂਨ 2023 ਦੌਰਾਨ ਆਬਕਾਰੀ ਅਤੇ ਵਸਤਾਂ ਤੇ ਸੇਵਾ ਕਰ (ਜੀ.ਐਸ.ਟੀ.) ਦੇ ਮਾਲੀਏ ਵਿੱਚ ਕ੍ਰਮਵਾਰ 79 ਫੀਸਦੀ ਅਤੇ 27.87 ਫੀਸਦੀ ਦਾ ਚੋਖਾ ਵਾਧਾ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਰਾਜ ਸਰਕਾਰ ਨੇ ਇਸ ਸਾਲ ਜੂਨ ਦੇ ਮਹੀਨੇ ਦੌਰਾਨ ਆਬਕਾਰੀ, ਜੀ.ਐਸ.ਟੀ., ਵੈਟ, ਸੀ.ਐਸ.ਟੀ ਅਤੇ ਪੀ.ਐਸ.ਡੀ.ਟੀ ਤੋਂ ਮਾਲੀਆ ਇਕੱਠਾ ਕਰਨ ਵਿੱਚ 29.66 ਪ੍ਰਤੀਸਤ ਵਾਧਾ ਦਰਜ ਕਰਕੇ ਆਪਣਾ ਹੀ ਰਿਕਾਰਡ ਤੋੜਿਆ ਹੈ, ਅਤੇ ਵਿੱਤੀ ਸਾਲ 2022-23 ਦੀ ਇਸੇ ਮਿਆਦ ਦੇ ਮੁਕਾਬਲੇ ਵਿੱਤੀ ਸਾਲ 2023-24 ਦੀ ਪਹਿਲੀ ਤਿਮਾਹੀ ਦੌਰਾਨ 25 ਪ੍ਰਤੀਸ਼ਤ ਦਾ ਕੁੱਲ ਵਾਧਾ ਦਰਜ ਕੀਤਾ ਹੈ। ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਮਿਾ ਨੇ ਦੱਸਿਆ ਕਿ ਜੂਨ 2023 ਦੌਰਾਨ ਆਬਕਾਰੀ ਤੋਂ ਕੁੱਲ ਮਾਲੀਆ 663.97 ਕਰੋੜ ਰੁਪਏ ਰਿਹਾ ਜਦੋਂਕਿ ਜੂਨ 2022 ਦੌਰਾਨ ਆਬਕਾਰੀ ਵਸੂਲੀ 370.93 ਕਰੋੜ ਰੁਪਏ ਸੀ, ਜਿਸ ਨਾਲ 293.04 ਕਰੋੜ ਰੁਪਏ ਦਾ ਮਹੱਤਵਪੂਰਨ ਵਾਧਾ ਦਰਜ ਹੋਇਆ ਹੈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ ਮਾਲੀਆ ਵੀ ਜੂਨ 2022 ਵਿੱਚ ਇਕੱਤਰ ਹੋਏ 1214.24 ਕਰੋੜ ਰੁਪਏ ਦੇ ਮੁਕਾਬਲੇ ਜੂਨ 2023 ਵਿੱਚ 1552.66 ਕਰੋੜ ਦੇ ਜੀਐਸਟੀ ਮਾਲੀਏ ਨਾਲ ਇਸ ਸਾਲ ਜੂਨ ਮਹੀਨੇ ਵਿੱਚ 338.42 ਕਰੋੜ ਰੁਪਏ ਦੇ ਵਾਧੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਜੂਨ 2023 ਦੌਰਾਨ ਆਬਕਾਰੀ, ਜੀਐਸਟੀ, ਵੈਟ, ਸੀਐਸਟੀ ਅਤੇ ਪੀਐਸਡੀਟੀ ਤੋਂ ਕੁੱਲ ਮਾਲੀਆ 2869.46 ਕਰੋੜ ਰੁਪਏ ਸੀ ਜਦੋਂਕਿ ਜੂਨ 2022 ਦੌਰਾਨ ਇਹ 2213.13 ਕਰੋੜ ਰੁਪਏ ਸੀ, ਇਸ ਤਰ੍ਹਾਂ ਇਸ ਸਾਲ ਜੂਨ ਮਹੀਨੇ ਵਿੱਚ 656.33 ਕਰੋੜ ਰੁਪਏ ਦਾ ਕੁੱਲ ਵਾਧਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵੈਲਿਊ ਐਡਿਡ ਟੈਕਸ (ਵੈਟ) ਤੋਂ ਹੋਣ ਵਾਲੀ ਆਮਦਨ ਵੀ ਜੂਨ 2022 ਵਿੱਚ 593.79 ਕਰੋੜ ਦੀ ਵੈਟ ਉਗਰਾਹੀ ਦੇ ਮੁਕਾਬਲੇ ਜੂਨ 2023 ਵਿੱਚ 616.94 ਕਰੋੜ ਰੁਪਏ ਦੀ ਵੈਟ ਉਗਰਾਹੀ ਦੇ ਨਾਲ 3.9 ਫੀਸਦੀ ਦਾ ਵਾਧਾ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਕੇਂਦਰੀ ਵਿਕਰੀ ਕਰ (ਸੀ.ਐਸ.ਟੀ) ਵਿੱਚ ਵੀ ਜੂਨ 2022 ਦੇ ਮੁਕਾਬਲੇ ਇਸ ਸਾਲ ਜੂਨ ਵਿੱਚ 8.04 ਪ੍ਰਤੀਸਤ ਵਾਧਾ ਦਰਜ ਹੋਇਆ ਸੂਬੇ ਨੇ ਸਿਰਫ ਇਸ ਸਾਲ ਜੂਨ ਮਹੀਨੇ ਦੌਰਾਨ ਹੀ ਵਧੀਆ ਵਿਕਾਸ ਦਰ ਨਹੀਂ ਵਿਖਾਈ ਸਗੋਂ ਵਿੱਤੀ ਸਾਲ 2023-24 ਦੀ ਪਹਿਲੀ ਤਿਮਾਹੀ ਦੌਰਾਨ ਆਬਕਾਰੀ, ਜੀ.ਐੱਸ.ਟੀ., ਵੈਟ, ਸੀ.ਐਸ.ਟੀ ਅਤੇ ਪੀ.ਐਸ.ਡੀ.ਟੀ ਤੋਂ ਕੁੱਲ ਮਾਲੀਏ ਵਿੱਚ ਵੀ 1848.66 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਲ 2022-23 ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਇੰਨਾਂ ਕਰਾਂ ਤੋਂ ਕੁੱਲ ਮਾਲੀਆ 7395.33 ਕਰੋੜ ਰੁਪਏ ਰਿਹਾ ਸੀ ਜਦੋਂਕਿ ਇਸ ਵਿੱਤੀ ਵਰ੍ਹੇ ਦੌਰਾਨ ਇਹ 9243.99 ਕਰੋੜ ਰੁਪਏ ਦਰਜ ਹੋਇਆ। ਚੀਮਾ ਨੇ ਕਿਹਾ ਕਿ ਇਸੇ ਤਰ੍ਹਾਂ ਬੀਤੇ ਵਿੱਤੀ ਵਰ੍ਹੇ ਦੇ ਮੁਕਾਬਲੇ ਸਾਲ 2023-24 ਦੀ ਪਹਿਲੀ ਤਿਮਾਹੀ ਦੌਰਾਨ ਆਬਕਾਰੀ ਮਾਲੀਆ 55.65 ਪ੍ਰਤੀਸਤ ਦੇ ਵਾਧੇ ਅਤੇ ਜੀਐਸਟੀ ਤੋਂ 24.76 ਪ੍ਰਤੀਸਤ ਦੇ ਵਾਧੇ ਨੂੰ ਦਰਸਾਉਂਦਾ ਹੈ।

# ਗੁੰਮ ਹੋਈ ਨਾਬਾਲਗਾ ਨੂੰ ਪੁਲਸ ਨੇ ਲੱਭ ਕੇ ਮਾਪਿਆਂ ਹਵਾਲੇ ਕੀਤਾ




**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** -ਨਜਦੀਕੀ ਪਿੰਡ ਟੱਪਰੀਆਂ ਦੀ ਇੱਕ 13 ਸਾਲਾ ਲੜਕੀ ਅੰਜਲੀ ਨੂੰ ਗੁੰਮ ਹੋਣ ਦੇ 24 ਘੰਟੇ ਦੇ ਅੰਦਰ-ਅੰਦਰ ਹੀ ਡੱਲਾਂ ਚੌਕੀ ਇੰਚਾਰਜ ਸੋਹਣ ਸਿੰਘ ਨੇ ਪੁਲਸ ਪਾਰਟੀ ਨਾਲ ਭਾਲ ਕਰਕੇ ਉਸਦੇ ਮਾਂ ਬਾਪ ਦੇ ਹਵਾਲੇ ਕਰ ਦਿੱਤਾ। ਥਾਣੇਦਾਰ ਸੋਹਣ ਸਿੰਘ ਨੇ ਦੱਸਿਆ ਕਿ ਉਕਤ ਲੜਕੀ ਅੰਜਲੀ ਪੁੱਤਰੀ ਮੁਕੇਸ਼ ਕੁਮਾਰ ਪਿੰਡ ਟੱਪਰੀਆਂ ਬੀਤੇ ਦਿਨ ਤੋਂ ਆਪਣੀ ਮਾਂ ਨਾਲ ਗੁੱਸੇ ਹੋ ਕਿ ਘਰੋਂ ਕਿਤੇ ਚੱਲੇਗੀ ਸੀ ਅਤੇ ਉਸ ਦੇ ਮਾਂ ਬਾਪ ਨੇ ਇਸ ਸੰਬੰਧੀ ਚੌਂਕੀ ਡੱਲਾ ਵਿਖੇ ਦਰਖਾਸਤ ਦਿੱਤੀ ਸੀ।

ਜਿਸ 'ਤੇ ਕਾਰਵਾਈ ਕਰਦਿਆਂ ਉਨਾਂ ਵੱਲੋਂ ਲੜਕੀ ਦੀ ਭਾਲ ਬੜੀ ਤੇਜੀ ਨਾਲ ਕੀਤੀ ਗਈ ਅਤੇ ਅੰਜਲੀ ਸ਼ੇਰਗੜ ਤੋਂ ਮਿਲੀ, ਜਿਸ ਨੂੰ ਉਸਦੇ ਮਾਂ ਬਾਪ ਦੇ ਹਵਾਲੇ ਕਰ ਦਿੱਤਾ ਗਿਆ ਹੈ।

# ਪੀਰ ਬਾਬਾ ਅਲੀ ਸ਼ਾਹ ਮੁਹੰਮਦ ਦਾ ਸਾਲਾਨਾ ਮੇਲਾ ਧੂਮਧਾਮ ਨਾਲ ਮਨਾਇਆ



**ਸੁਲਤਾਨਪੁਰ ਲੋਧੀ,, ( ਹਨੀ )**-ਪੀਰ ਬਾਬਾ ਅਲੀ ਸ਼ਾਹ ਮੁਹੰਮਦ ਦਾ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਹਲਕਾ ਸੁਲਤਾਨਪੁਰ ਲੋਧੀ ਦੇ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦੇ ਪੀਏ ਅਭਿਸ਼ਕ ਕੁਮਾਰ ਅਤੇ ਨਗਰ ਕੌਂਸਲ ਸੁਲਤਾਨਪੁਰ ਲੋਧੀ ਦੇ ਮੀਤ ਪ੍ਰਧਾਨ ਨਵਨੀਤ ਸਿੰਘ ਚੀਮਾ ਸਮੇਤ ਉਚੇਚੇ ਤੌਰ 'ਤੇ ਪੁੱਜੇ। ਉਨਾਂ ਦਰਗਾਹ 'ਤੇ ਚਾਦਰ ਅਤੇ ਝੰਡਾ ਚੜ੍ਹਾਉਣ ਦੀ ਰਸਮ ਨਿਭਾਈ। ਇਸ ਮੌਕੇ ਪੇਸ਼ ਕੀਤੇ ਗਏ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪ੍ਰਸਿੱਧ ਪੰਜਾਬੀ ਗਾਇਕ ਪੇਜੀ ਸ਼ਾਹਕੋਟੀ ਅਤੇ ਸਾਹਿਲ ਚੌਹਾਨ ਨੇ ਦਰਬਾਰ 'ਤੇ ਆਪਣੇ ਹਾਜਰੀ ਲਗਵਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦੀਪਕ ਕੁਮਾਰ ਦੀਪੂ, ਕੁਲਦੀਪ ਕੁਮਾਰ ਜਲੰਧਰ, ਮੁਲਖ ਰਾਜ, ਰਾਜ ਕੁਮਾਰ ਰਾਜੂ, ਹੀਰਾ ਲਾਲ, ਬਲਦੇਵ ਰਾਜ, ਵਿਪਨ ਕੁਮਾਰ, ਅਸਵਨੀ ਕੁਮਾਰ, ਜੋਗਿੰਦਰ ਕੁਮਾਰ, ਕਾਲੀ ਚਰਨ, ਕਾਲੂ ਸਰੀਏਵਾਲਾ, ਬਿੱਟੂ ਪੰਡਤ, ਹਨੀ ਠਾਕਰ, ਰਾਮ ਸਰੂਪ, ਕੀਮਤੀ, ਮਦਨ ਲਾਲ, ਨਵੀਨ ਕੁਮਾਰ ਭੋਲਾ, ਸੰਨੀ ਦੁਬਈ, ਚੰਦੂ, ਸੇਵਾਦਾਰ ਸੰਤ ਰਾਮ, ਰਾਜੂ ਅਰੋੜਾ, ਲਵਪ੍ਰੀਤ, ਹਿਮਾਂਸੂ, ਬੌਬੀ, ਲਵਜੋਤ, ਨੋਨੂ ਵੀ ਹਾਜਰ ਸਨ।

# ਭਾਜਪਾ ਗੜ੍ਹਸ਼ੰਕਰ ਬਚਾਓ ਸੰਘਰਸ਼ ਸੰਮਤੀ ਦੀ ਮੀਟਿੰਗ ਹੋਈ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਭਾਜਪਾ ਗੜ੍ਹਸ਼ੰਕਰ ਬਚਾਓ ਸੰਘਰਸ਼ ਸੰਮਤੀ ਦੀ ਇੱਕ ਮੀਟਿੰਗ ਤ੍ਰਿੰਬਕ ਦੱਤ ਸੋਨੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਸਬੰਧੀ ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿੱਚ ਤ੍ਰਿੰਬਕ ਦੱਤ ਸੋਨੀ, ਓਂਕਾਰ ਸਿੰਘ ਚਾਹਲਪੁਰੀ ਸਾਬਕਾ ਜ਼ਿਲ੍ਹਾ ਸਕੱਤਰ ਭਾਜਪਾ, ਪ੍ਰਦੀਪ ਰੰਗੀਲਾ ਸਾਬਕਾ ਮੰਡਲ ਪ੍ਰਧਾਨ ਬੀਤ, ਅਜਮੇਰ ਸਿੰਘ, ਪ੍ਰਦੀਪ ਕੁਮਾਰ, ਨਿਤਿਨ ਸਰਮਾ, ਸੁਸ਼ੀਲ ਰਾਣਾ, ਰਜਿੰਦਰ ਸਰਮਾ ਆਦਿ ਆਗੂਆਂ ਨੇ ਕਿਹਾ ਕਿ ਇਹ ਮੀਟਿੰਗ ਭਾਜਪਾ ਦੇ ਪੁਰਾਣੇ ਵਰਕਰਾਂ ਨਾਲ ਹੋ ਰਹੇ ਵਿਤਕਰੇ ਅਤੇ ਸਾਜਿਸ਼ ਤਹਿਤ ਭਾਜਪਾ ਨੂੰ ਕਮਜੋਰ ਕਰ ਰਹੇ ਲੋਕਾਂ ਨੂੰ ਮੁੱਖ ਅਹੁਦੇ ਦੇਣ ਦੇ ਵਿਰੋਧ ਵਿਚ ਰੱਖੀ ਗਈ । ਉਨ੍ਹਾਂ ਕਿਹਾ ਕਿ ਜੇਕਰ ਹਾਈਕਮਾਨ ਵੱਲੋਂ ਉਨ੍ਹਾਂ ਦੀ ਗੱਲ ਨਾ ਸੁਣੀ ਗਈ ਅਤੇ ਪਾਰਟੀ ਵਿੱਚ ਬਣਦਾ ਮਾਣ-ਸਨਮਾਨ ਨਾ ਮਿਲਿਆ ਤਾਂ ਉਹ ਸਖਤ ਫੈਸਲੇ ਲੈਣ ਲਈ ਮਜਬੂਰ ਹੋਣਗੇ

। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਸਿਰ 'ਤੇ ਹਨ ਅਤੇ ਵਰਕਰ ਪਾਰਟੀ ਛੱਡ ਰਹੇ ਹਨ । ਉਨ੍ਹਾਂ ਪਾਰਟੀ ਦੇ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਸੁਆਲ ਕਰਦਿਆਂ ਪੁੱਛਿਆ ਕਿ ਭਾਜਪਾ ਦੇ ਸੰਵਿਧਾਨ ਵਿੱਚ ਹਲਕਾ ਇੰਚਾਰਜ ਦਾ ਅਹੁਦਾ ਕਦੋਂ ਬਣਿਆ ਅਤੇ ਕਿਸ ਨੇ ਬਣਾਇਆ। ਇਸ ਮੌਕੇ ਰਜਿੰਦਰ ਸ਼ਰਮਾ ਅਤੇ ਵਰਿੰਦਰ ਸਿੰਘ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਇਸ ਮੌਕੇ ਭਾਜਪਾ ਗੜ੍ਹਸ਼ੰਕਰ ਬਚਾਓ ਸੰਘਰਸ਼ ਸੰਮਤੀ ਵੱਲੋਂ ਓਂਕਾਰ ਸਿੰਘ ਚਾਹਲਪੁਰੀ ਨੂੰ ਪ੍ਰਧਾਨ, ਤ੍ਰਿੰਬਕ ਦੱਤ ਸੋਨੀ ਸਰਪ੍ਰਸਤ, ਪ੍ਰਦੀਪ ਰੰਗੀਲਾ ਮਹਾਂਮੰਤਰੀ, ਕੁਲਦੀਪ ਰਾਜ ਸਮੁੰਦੜਾ ਮੀਤ ਪ੍ਰਧਾਨ, ਬਿੱਲਾ ਕੰਬਾਲਾ ਮੀਤ ਪ੍ਰਧਾਨ, ਅਲੋਕ ਰਾਣਾ ਸਕੱਤਰ ਅਤੇ ਨਿਤਿਨ ਸ਼ਰਮਾ ਨੂੰ ਮਹਾਂਮੰਤਰੀ ਨਿਯੁਕਤ ਕੀਤਾ ਗਿਆ।

# ਰੋਟਰੀ ਕਲੱਬ ਜੇਮਸ ਨੇ ਸ਼ਿਮਲਾ ਦੀਆਂ ਵਾਦੀਆਂ 'ਚ ਮਨਾਈ ਪਹਿਲੀ ਵਰ੍ਹੇਗੰਢ



**ਫਗਵਾੜਾ ( ਡਾ. ਰਮਨ)** ਰੋਟਰੀ ਕਲੱਬ ਫਗਵਾੜਾ ਜੇਮਸ ਦੇ ਗਠਨ ਨੂੰ ਇਕ ਸਾਲ ਪੂਰਾ ਹੋਣ 'ਤੇ ਕਲੱਬ ਮੈਂਬਰਾਂ ਨੇ ਆਪਣੀਆਂ ਪਤਨੀਆਂ ਦੇ ਨਾਲ ਸ਼ਿਮਲਾ ਦੀਆਂ ਖੂਬਸੂਰਤ ਵਾਦੀਆਂ ਵਿਚ ਕਲੱਬ ਦੀ ਵਰ੍ਹੇਗੰਢ ਮਨਾਈ। ਕਲੱਬ ਦੇ ਪ੍ਰਧਾਨ ਡਾ: ਚਿਮਨ ਅਰੋੜਾ ਨੇ ਦੱਸਿਆ ਕਿ ਕਲੱਬ ਵਲੋਂ ਸ਼ਿਮਲਾ ਵਿਖੇ ਜੋੜੇ ਮਿਲਣੀ ਸਮਾਗਮ ਕਰਵਾਇਆ ਗਿਆ। ਇਸ ਪ੍ਰੋਜੈਕਟ ਦੇ ਡਾਇਰੈਕਟਰ ਸਾਲ 2023-24 ਲਈ ਨਵੇਂ ਚੁਣੇ ਗਏ ਪ੍ਰਧਾਨ ਰੋਟੇਰੀਅਨ ਨਿਖਿਲ ਗੁਪਤਾ ਸਨ। ਇਹ ਪ੍ਰੋਜੈਕਟ ਪਾਸਟ ਡਿਸਟ੍ਰਿਕਟ ਗਵਰਨਰ ਰੋਟੇਰੀਅਨ ਐਸ.ਪੀ.ਸੇਠੀ ਦੀ ਰਹਿਨੁਮਾਈ ਹੇਠ ਸਫਲਤਾ ਪੂਰਵਕ ਨੇਪਰੇ ਚਾੜਿਆ ਗਿਆ। ਉਨ੍ਹਾਂ ਆਪਣੇ ਕਾਰਜਕਾਲ ਦੌਰਾਨ ਕਲੱਬ ਦੇ ਸਾਰੇ ਪ੍ਰੋਜੈਕਟਾਂ ਅਤੇ ਕਲੱਬ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਸਹਿਯੋਗ ਦੇਣ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਸਮੂਹ ਕਲੱਬ ਮੈਂਬਰਾਂ ਨੇ ਡਾ: ਚਿਮਨ ਅਰੋੜਾ ਅਤੇ ਰੋਟੇਰੀਅਨ ਸਕੱਤਰ ਸੁਰਿੰਦਰ ਚਾਵਲਾ ਸਮੇਤ ਉਨ੍ਹਾਂ ਦੀ ਸਮੁੱਚੀ ਟੀਮ ਦੇ ਕਾਰਜਕਾਲ ਅਤੇ ਇਸ ਸ਼ਾਨਦਾਰ ਤੇ ਆਨੰਦਦਾਇਕ ਪ੍ਰੋਜੈਕਟ ਦੇ ਆਯੋਜਨ ਲਈ ਸ਼ਲਾਘਾ ਕੀਤੀ। ਸ਼ਿਮਲਾ ਟੂਰ ਵਿੱਚ ਡਾ. ਚਿਮਨ ਅਰੋੜਾ ਦੇ ਨਾਲ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਸੁਮਨ ਅਰੋੜਾ, ਸ੍ਰੀਮਤੀ ਅਤੇ ਐਸ.ਪੀ. ਸੇਠੀ, ਸ੍ਰੀਮਤੀ ਅਤੇ ਆਈ.ਪੀ. ਖੁਰਾਣਾ, ਸ੍ਰੀਮਤੀ ਅਤੇ ਦੇਸਰਾਜ, ਸ੍ਰੀਮਤੀ ਅਤੇ ਸਤੀਸ਼ ਜੈਨ, ਸ੍ਰੀਮਤੀ ਅਤੇ ਨਿਖਿਲ ਗੁਪਤਾ, ਸ਼੍ਰੀਮਤੀ ਅਤੇ ਸੁਨੀਲ ਸ਼ਾਮਲ ਸਨ।

# ਮਨਸਾ ਦੇਵੀ ਕ੍ਰਿਕਟ ਕਲੱਬ ਨੇ ਅੰਡਰ-15 ਟੂਰਨਾਮੈਂਟ 'ਚ ਦਰਜ ਕੀਤੀ ਸ਼ਾਨਦਾਰ ਜਿੱਤ



**ਫਗਵਾੜਾ ( ਢੱਡਾ )** ਮਨਸਾ ਦੇਵੀ ਕ੍ਰਿਕਟ ਕਲੱਬ ਵੱਲੋਂ ਕਰਵਾਏ ਗਏ ਅੰਡਰ-15 ਕ੍ਰਿਕਟ ਟੂਰਨਾਮੈਂਟ ਦੇ ਫਾਈਨਲ ਮੈਚ ਵਿੱਚ ਮੇਜ਼ਬਾਨ ਮਨਸਾ ਦੇਵੀ ਦੀ ਟੀਮ ਨੇ ਹਦੀਆਬਾਦ ਨੂੰ 10 ਵਿਕਟਾਂ ਨਾਲ ਹਰਾ ਕੇ ਟਰਾਫੀ ਅਤੇ ਨਕਦ ਰਾਸ਼ੀ 'ਤੇ ਕਬਜ਼ਾ ਕੀਤਾ। ਪੰਜ-ਪੰਜ ਓਵਰਾਂ ਦੇ ਇਸ ਟੂਰਨਾਮੈਂਟ ਵਿੱਚ ਕੁੱਲ ਵੀਹ ਟੀਮਾਂ ਨੇ ਭਾਗ ਲਿਆ। ਜੇਤੂ ਟੀਮ ਦੇ ਕਪਤਾਨ ਸੰਯਮ ਅਰੋੜਾ ਨੂੰ ਮੈਨ ਆਫ ਦਾ ਮੈਚ ਐਲਾਨਿਆ ਗਿਆ। ਜੇਤੂ ਟੀਮ ਨੂੰ ਇਨਾਮ ਦੇਣ ਲਈ ਆਮ ਆਦਮੀ ਪਾਰਟੀ ਦੇ ਯੂਥ ਆਗੂ ਗੁਰਜੀਤ ਸਿੰਘ ਗੁਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਜੇਤੂ ਟੀਮ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਵੱਲ ਆਕਰਸ਼ਿਤ ਕਰਨ ਲਈ ਅਜਿਹੇ ਉਪਰਾਲੇ ਵੱਡੀ ਪੱਧਰ 'ਤੇ ਕੀਤੇ ਜਾਣੇ ਚਾਹੀਦੇ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਇਸ ਦਿਸ਼ਾ 'ਚ ਸ਼ਲਾਘਾਯੋਗ ਉਪਰਾਲੇ ਕਰ ਰਹੀ ਹੈ। ਇਸ ਮੌਕੇ ਅਮਿਤ, ਵਿੱਕੀ ਪ੍ਰਧਾਨ, ਬੰਟੀ, ਰਿੰਕੂ, ਕੇਸ਼ਵ, ਮਾਨਵ, ਕਾਕਾ, ਮਨਦੀਪ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਜ਼ਿਲ੍ਹੇ 'ਚ ਧਰਨੇ /ਪ੍ਰਦਰਸ਼ਨਾਂ ਲਈ ਥਾਵਾਂ ਨਿਰਧਾਰਤ

**ਕਪੂਰਥਲਾ ( ਰਾਵਿੰਦਰ ਸਿੰਘ)** ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟ੍ਰੇਟ ਕੈਪਟਨ ਕਰਨੈਲ ਸਿੰਘ ਵਲੋਂ ਜ਼ਿਲ੍ਹੇ ਵਿਚ ਧਰਨੇ ਤੇ ਪ੍ਰਦਰਸ਼ਨਾਂ ਲਈ ਥਾਵਾਂ ਨਿਰਧਾਰਿਤ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ। ਜਾਰੀ ਹੁਕਮਾਂ ਅਨੁਸਾਰ ਸਬੰਧਿਤ ਅਦਾਰਾ ਜਾਂ ਸੰਸਥਾ ਧਰਨੇ ਦੀ ਅਗੇਤੀ ਸੂਚਨਾ ਤੇ ਪ੍ਰਵਾਨਗੀ ਸਬੰਧਿਤ ਐਸ.ਡੀ.ਐਮ. ਕੋਲੋਂ ਲੈਣੀ ਲਾਜਮੀ ਹੈ। ਧਰਨੇ ਤੇ ਪ੍ਰਦਰਸ਼ਨ ਲਈ ਥਾਵਾਂ ਚਾਰਾਂ ਸਬ ਡਿਵੀਜ਼ਨਾਂ ਵਿਚ ਨਿਰਧਾਰਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਕਪੂਰਥਲਾ ਸਬ ਡਿਵੀਜ਼ਨ ਲਈ ਸ਼ਾਲਾਮਾਰ ਬਾਗ , ਅੰਮ੍ਰਿਤਸਰ ਰੋਡ ਕਪੂਰਥਲਾ, ਸਬ ਡਿਵੀਜ਼ਨ ਲਈ ਸੁਲਤਾਨਪੁਰ ਲੋਧੀ ਲਈ ਬੱਸ ਅੱਡਾ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਅੰਤਰਯਾਮਤਾ ਵਾਲੇ ਪਾਸੇ, ਸਬ ਡਿਵੀਜ਼ਨ ਫਗਵਾੜਾ ਲਈ ਨਗਰ ਸੁਧਾਰ ਟਰੱਸਟ ਫਗਵਾੜਾ ਦੇ ਸਾਹਮਣੇ ਹਰਗੋਬਿੰਦ ਨਗਰ ਤੇ ਭੁਲੱਥ ਸਬ ਡਿਵੀਜ਼ਨ ਲਈ ਦਾਣਾ ਮੰਡੀ ਨੰਬਰ -1 ਭੁਲੱਥ ਤੇ ਦਾਣਾ ਮੰਡੀ ਫੋਕਲ ਪੁਆਇੰਟ ਪਿੰਡ ਰਾਮਗੜ੍ਹ ਸ਼ਾਮਿਲ ਹਨ। ਭੁਲੱਥ ਵਿਖੇ ਫਸਲਾਂ ਦੀ ਖਰੀਦ ਦੇ ਸੀਜ਼ਨ ਦੌਰਾਨ ਬੱਸ ਸਟੈਂਡ ਭੁਲੱਥ ਨੂੰ ਧਰਨੇ ਤੇ ਪ੍ਰਦਰਸ਼ਨਾਂ ਲਈ ਨਿਰਧਾਰਿਤ ਕੀਤਾ ਗਿਆ ਹੈ। ਇਹ ਹੁਕਮ 27-08-2023 ਤੱਕ ਲਾਗੂ ਰਹਿਣਗੇ।

# ਦਸਤ ਰੋਕੂ ਪੰਦਰਵਾੜੇ ਦੀ ਹੋਈ ਸ਼ੁਰੂਆਤ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** -ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਮਿਤੀ 3 ਜੁਲਾਈ ਤੋਂ 17 ਜੁਲਾਈ ਤੱਕ ਇੰਟੈਸੀਫਾਈਡ ਡਾਇਰੀਆ ਕੰਟਰੋਲ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਬਲਾਕ ਚਮਕੌਰ ਸਾਹਿਬ ਦੇ ਵੱਖ-ਵੱਖ ਸਿਹਤ ਤੇ ਤੰਦਰੁਸਤੀ ਸਿਹਤ ਕੇਂਦਰਾਂ ਵਿੱਚ ਓ.ਆਰ.ਐਸ ਅਤੇ ਜਿੰਕ ਕਾਰਨਰ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਡਾਇਰੀਆ ਦੀ ਬਿਮਾਰੀ ਤੋਂ ਬਚਾਅ ਲਈ ਸਭ ਤੋਂ ਪਹਿਲਾਂ ਭੋਜਨ ਖਾਣ ਤੋਂ ਪਹਿਲਾਂ ਹੱਥਾਂ ਨੂੰ ਸਾਫ ਪਾਣੀ ਅਤੇ ਸਾਬਣ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ ਤਾਂ ਜੋ ਹੱਥਾਂ ਤੇ ਲਗੇ ਕਿਟਾਣੂ ਭੋਜਨ ਖਾਣ ਲੱਗਿਆਂ ਪੇਟ ਅੰਦਰ ਨਾ ਜਾਣ। ਜੇਕਰ ਅਸੀਂ ਆਪਣੇ ਹੱਥਾਂ ਦੀ ਸਫਾਈ ਖਾਣਾ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ 6 ਸਟੈਪ ਅਨੁਸਾਰ ਕਰਦੇ ਹਾਂ ਤਾਂ ਅੱਧੀਆਂ ਬਿਮਾਰੀਆਂ ਤੋਂ ਅਸੀਂ ਛੁਟਕਾਰਾ ਪਾ ਸਕਦੇ ਹਾਂ। ਇਸ ਮੌਕੇ ਤੇ ਹਰਵਿੰਦਰ ਸਿੰਘ ਬੀ.ਈ.ਈ ਨੇ ਕਿਹਾ ਕਿ ਇਸ ਡਾਇਰੀਆ ਪੰਦਰਵਾੜੇ ਦੌਰਾਨ ਆਸ਼ਾ ਵਰਕਰ ਘਰ-2 ਜਾ ਕੇ 0 ਤੋਂ 5 ਸਾਲ ਤੱਕ ਬੱਚਿਆਂ ਨੂੰ ਓ.ਆਰ.ਐਸ ਦੇ ਪੈਕਟ ਵੰਡਣਗੀਆਂ। ਇਸ ਮੌਕੇ ਤੇ ਮਹਿਲਾਵਾਂ ਨੂੰ ਦਸਤਾਂ ਦੇ ਨਾਲ ਪ੍ਰਭਾਵਿਤ ਬੱਚਿਆਂ ਦਾ ਇਲਾਜ ਅਤੇ ਓ.ਆਰ.ਐਸ ਪੈਕਟ ਦਾ ਘੋਲ ਬਣਾਉਣ ਸਬੰਧੀ ਜਾਣਕਾਰੀ ਦਿੱਤੀ।

ਉਨਾਂ ਕਿਹਾ ਕਿ ਓ.ਆਰ.ਐਸ ਦਾ ਪੈਕਟ ਇੱਕ ਲੀਟਰ ਪਾਣੀ ਵਿੱਚ ਸਾਰਾ ਘੋਲ ਕੇ ਉਸ ਨੂੰ 24 ਘੰਟਿਆਂ ਦੇ ਅੰਦਰ ਇਸਤੇਮਾਲ ਕਰਨਾ ਚਾਹੀਦਾ ਹੈ। ਇਹ ਘੋਲ ਉਦੋਂ ਤੱਕ ਦਿੰਦੇ ਰਹਿਣਾ ਚਾਹੀਦਾ ਹੈ ਜਦੋਂ ਤੱਕ ਬੱਚੇ ਨੂੰ ਦਸਤ ਤੋਂ ਆਰਾਮ ਨਾ ਆ ਜਾਵੇ। ਇਸ ਨਾਲ ਬੱਚੇ ਦੇ ਸਰੀਰ ਵਿੱਚ ਪਾਣੀ ਦੀ ਘਾਟ ਨਹੀਂ ਆਵੇਗੀ। ਇਸ ਮੌਕੇ ਤੇ ਤਰਨਵੀਰ ਕੌਰ ਏ.ਐਨ.ਐਮ, ਰੂਬੀ ਸੀ.ਐਚ.ਓ, ਰੁਪਿੰਦਰ ਕੌਰ, ਸੀਤਾ ਦੇਵੀ, ਕਮਲਜੀਤ ਕੌਰ ਅਤੇ ਮਨਦੀਪ ਕੌਰ ਹਾਜਰ ਸਨ।

# ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਵਿਖੇ ਠੰਢੀ ਲੱਸੀ ਦੀ ਛਬੀਲ ਲਗਾਈ

**ਹੁਸ਼ਿਆਰਪੁਰ (ਓ ਪੀ ਰਾਣਾ )** ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਜੰਡੂ ਸਿੰਘਾ ਅਤੇ ਮਕਸੂਦਾਂ ਦੇ ਸੰਚਾਲਕ ਸੰਤ ਜਗੀਰ ਸਿੰਘ ਦੀ ਅਗਵਾਈ ਹੇਠ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ ਵਿਖੇ ਠੰਡੀ ਮਿੱਠੀ ਲੱਸੀ ਦੀ ਛਬੀਲ ਲਗਾਈ ਗਈ। ਸੰਤ ਜਗੀਰ ਸਿੰਘ ਵਲੋਂ ਅਰਦਾਸ ਤੋਂ ਉਪਰੰਤ ਪ੍ਰਸ਼ਾਦ ਵੰਡ ਕੇ ਛਬੀਲ ਦੀ ਆਰੰਭਤਾ ਕੀਤੀ। ਭਾਰੀ ਗਰਮੀ ਵਿੱਚ ਆਉਂਦੀਆਂ ਜਾਂਦੀਆਂ ਸੰਗਤਾਂ ਨੂੰ ਰੋਕ ਕੇ ਸੇਵਾਦਾਰਾਂ ਵਲੋਂ ਬੜੀ ਸ਼ਰਧਾ, ਨਿਮਰਤਾ ਅਤੇ ਸਤਿਕਾਰ ਨਾਲ ਮਿੱਠੀ ਲੱਸੀ ਪਿਲਾਈ ਗਈ। ਸੰਤ ਜਗੀਰ ਸਿੰਘ ਨੇ ਕਿਹਾ ਕਿ ਸੰਗਤਾਂ ਨੂੰ ਗਰਮੀ ਤੋਂ ਬਚਾਓ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕੁਦਰਤ ਦੇ ਨਿਯਮਾਂ ਨਾਲ ਭਾਰੀ ਖਿਲਵਾੜ ਕਰਦਿਆਂ ਨਿੱਜੀ ਸਵਾਰਥਾਂ ਲਈ ਲੋਕਾਂ ਵਲੋਂ ਵੱਡੀ ਪੱਧਰ 'ਤੇ ਦਰਖੱਤਾਂ ਦੀ ਕਟਾਈ ਕੀਤੀ ਜਾ ਰਹੀ ਹੈ,ਜਿਸਦੇ ਬਹੁਤ ਭਿਆਨਕ ਨਤੀਜੇ ਸਾਹਮਣੇ ਆ ਰਹੇ ਹਨ।

ਇਸ ਕਰਕੇ ਹਰ ਮਨੁੱਖ ਨੂੰ ਆਪਣੇ ਹਿੱਸੇ ਦੇ ਦਰੱਖਤ ਜਰੂਰ ਲਗਾਉਂਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੀਆਂ ਪੀੜੀਆਂ ਪਾਣੀ ਅਤੇ ਸ਼ੁੱਧ ਹਵਾ ਪ੍ਰਾਪਤ ਕਰ ਸਕਣ। ਇਸ ਮੌਕੇ ਭਾਈ ਸਾਹਿਬ ਸਿੰਘ ਸੋਨੂੰ ਬਜਵਾੜਾ, ਭਾਈ ਹੈਪੀ ਸਿੰਘ ਹੁਕੜਾਂ,ਬਲਜੀਤ ਸਿੰਘ ਅਤੇ ਹੋਰ ਸੇਵਾਦਾਰ ਤੇ ਸੰਗਤਾਂ ਹਾਜਰ ਸਨ।

# ਰੋਟਰੀ ਮਿਡ ਟਾਊਨ ਨੇ 'ਅਨਪੂਰਨਾ ਦਿਵਸ' 'ਤੇ 360 ਕਿਲੋਗ੍ਰਾਮ ਰਾਸ਼ਨ ਦਿੱਤਾ



**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**-ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਨੇ ਰੋਟਰੀ ਸਿਗਨੇਚਰ ਪ੍ਰੋਜੈਕਟ ਦੇ ਤਹਿਤ ਨਵੇਂ ਨਿਯੁਕਤ ਪ੍ਰਧਾਨ ਅਮਰਜੀਤ ਸਿੰਘ ਦੀ ਪ੍ਰਧਾਨਗੀ ਵਿਚ ਪਹਿਲਾ ਪ੍ਰੋਜੈਕਟ "ਅਨਪੂਰਨਾ ਦਿਵਸ" ਮਨਾਇਆ ਅਤੇ ਕਿਹਾ ਕਿ ਅੰਨਦਾਨ ਹੀ ਮਹਾਦਾਨ ਹੁੰਦਾ ਹੈ। ਜਿਸ ਦੇ ਤਹਿਤ ਕਲੱਬ ਵਲੋਂ 100 ਕਿਲੋਗ੍ਰਾਮ ਆਟਾ, 60 ਕਿਲੋਗ੍ਰਾਮ ਦਾਲ, 100 ਕਿਲੋਗ੍ਰਾਮ ਚੀਨੀ, 50 ਕਿਲੋਗ੍ਰਾਮ ਨਮਕ, 50 ਕਿਲੋਗ੍ਰਾਮ ਚਾਵਲ ਗੁਰੂ ਰਾਮ ਦਾਸ ਲੰਗਰ ਹਾਲ ਵਿਖੇ ਦਿੱਤੇ। ਕਲੱਬ ਸਕੱਤਰ ਰੋਟੇਰੀਅਨ ਇੰਦਰਪਾਲ ਸਚਦੇਵਾ ਨੇ ਕਿਹਾ ਕਿ ਰੋਟਰੀ ਦਾ ਨਵਾਂ ਸਾਲ ਪਹਿਲੀ ਜੁਲਾਈ ਨੂੰ ਸ਼ੁਰੂ ਹੁੰਦਾ ਹੈ ਅਤੇ ਹਰ ਕਾਰਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਭਗਵਾਨ ਦਾ ਅਸ਼ੀਰਵਾਦ ਲਿਆ ਜਾਂਦਾ ਹੈ। ਕਲੱਬ ਮੈਂਬਰਾਂ ਵਲੋਂ ਗੁਰੂ ਘਰ ਵਿਚ ਅਰਦਾਸ ਕਰਵਾਈ ਗਈ ਅਤੇ ਗੁਰੂ ਰਾਮ ਦਾਸ ਲੰਗਰ ਸੇਵਾ ਨੂੰ 360 ਕਿਲੋਗ੍ਰਾਮ ਰਾਸ਼ਨ ਦਿੱਤਾ ਗਿਆ। ਇਸ ਮੌਕੇ 'ਤੇ ਰੋਟੇਰੀਅਨ ਮਨੋਜ ਓਹਰੀ, ਪ੍ਰਵੀਨ ਪੱਬੀ, ਡੀ.ਪੀ. ਕਥੂਰੀਆ, ਜੋਗਿੰਦਰ ਸਿੰਘ, ਗੋਪਾਲ ਵਾਸੂਦੇਵਾ, ਰੋਹਿਤ ਚੋਪੜਾ, ਜਗਮੀਤ ਸੇਠੀ, ਅਵਤਾਰ ਸਿੰਘ, ਅਸ਼ੋਕ ਸ਼ਰਮਾ ਆਦਿ ਮੈਂਬਰ ਸ਼ਾਮਿਲ ਸਨ।

# ਮਨੀਪੁਰ 'ਚ ਹਿੰਸਾ ਨਾ ਰੋਕੀ ਤਾਂ ਈਸਾਈ ਸਮਾਜ ਸੜਕਾਂ 'ਤੇ ਆਵੇਗਾ : ਐਂਥਨੀ ਮਸੀਹ




**ਜਲੰਧਰ ( ਇਕਬਾਲ ਸਿੰਘ ਉੱਭੀ )** ਸਥਾਨਕ ਪ੍ਰੈਸ ਕਲੱਬ ਵਿਖੇ ਹੋਸੰਨਾ ਪੰਜਾਬੀ ਮਨਿਟਰੀ , ਕ੍ਰਿਸਚੀਅਨ ਪਾਸਟਰ ਐਸੋਸੀਏਸ਼ਨ ਦੇ ਪ੍ਰਧਾਨ ਪਾਸਟਰ ਐਂਥਨੀ ਮਸੀਹ , ਸਮਾਜਿਕ ਅਤੇ ਰਾਜਨੀਤਿਕ ਆਗੂ ਸੁਰਜੀਤ ਥਾਪਰ ਨੇ ਕਿਹਾ ਕਿ ਮਤਈ ਅਤੇ ਕੁਕੀ ਕਬੀਲੀਆਂ ਵਿਚਕਾਰ ਕਬਾਇਲੀ ਝਗੜਿਆਂ ਨੇ ਮਨੀਪੁਰ ਸੂਬੇ ਦੇ ਈਸਾਈਆਂ ਦੇ ਕਤਲੇਆਮ, ਚਰਚਾ ਅਤੇ ਜਾਇਦਾਦ ਦਾ ਉਜਾੜਾ ਕਰਨ ਵਾਲੇ ਦੋਸ਼ੀਆ ਦੇ ਖਿਲਾਫ ਬਣਦੀ ਸਮੇਤ ਕਾਰਵਾਈ ਕੀਤੀ ਜਾਵੇ। ਜਦੋਂ ਦੀ ਕੇਂਦਰ ਵਿਚ ਭਾਜਪਾ ਸਰਕਾਰ ਸਤਾ ਵਿਚ ਆਈ ਹੈ ਭਾਰਤ ਦਾ ਸੰਵਿਧਾਨ ਖਤਰੇ ਵਿਚ ਆ ਗਿਆ ਹੈ। ਉਨਾਂ ਨੇ ਕਿਹਾ ਕਿ ਭਾਜਪਾ ਦੇ ਕਾਰਕੁੰਨਾਂ ਨੇ ਭਾਰਤੀ ਗਣਰਾਜ ਦੇ ਕੋਨੇ-ਕੋਨੇ ਵਿਚ ਵੱਸਦੇ ਈਸਾਈਆਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ ਹੈ, ਈਸਾਈਆਂ 'ਤੇ ਕੀਤੇ ਗਏ ਹਮਲਿਆਂ ਦੌਰਾਨ 120 ਤੋਂ ਵੱਧ ਆਮ ਲੋਕਾਂ ਦੀ ਜਾਨ ਜਾ ਚੁੱਕੀ ਹੈ, 2000 ਦੇ ਕਰੀਬ ਪਵਿੱਤਰ ਬਾਈਬਲ ਗ੍ਰੰਥ, ਜਾਇਦਾਦਾਂ ਦੇ ਨਾਲ 250 ਤੋਂ ਵੱਧ ਚਰਚਾ ਹਨ ਨੂੰ ਜਬਰਦਸਤੀ ਸਾੜ ਦਿੱਤਾ ਗਿਆ ਹੈ।

35000 ਤੋਂ ਵੱਧ ਈਸਾਈ ਧਰਮ ਨਾਲ ਸਬੰਧਤ ਲੋਕ ਆਪਣੀਆਂ ਜੱਦੀ ਜਾਇਦਾਦਾਂ ਤੋਂ ਬੁਰੀ ਤਰ੍ਹਾਂ ਉਜਾੜੇ ਜਾ ਚੁੱਕੇ ਹਨ ਅਤੇ 55000 ਤੋਂ ਵੱਧ ਈਸਾਈ ਸ਼ਰਨਾਰਥੀ ਕੈਂਪਾਂ ਵਿਚ ਰਹਿ ਰਹੇ ਹਨ। ਭਾਰਤ ਵਿਚ ਵੱਸਦੇ ਈਸਾਈਆਂ ਦੇ ਹਿਰਦਿਆਂ ਨੂੰ ਬਹੁਤ ਡੂੰਘੀ ਠੇਸ ਪਹੁੰਚਾਈ ਗਈ ਹੈ। ਉਪਰੋਕਤ ਸੰਗਠਨਾਂ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਮਨੀਪੁਰ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਕੇ ਮੁੜ ਤੋਂ ਸ਼ਾਂਤੀ ਬਹਾਲ ਕੀਤੀ ਜਾਵੇ। ਅਗਰ ਮਨੀਪੁਰ ਦੇ ਮਸੀਹੀ ਲੋਕਾਂ ਨੂੰ ਇੰਨਸਾਫ ਨਾ ਮਿਲਿਆ ਤਾਂ 17 ਜੁਲਾਈ 2023 ਨੂੰ ਮਸੀਹੀ ਸਮਾਜ ਸੜਕਾਂ ਉਤੇ ਆ ਕੇ ਅਪਣਾ ਰੋਸ ਜਾਹਿਰ ਕਰੇਗਾ।

ਦੇਸ਼ ਦੇ ਪ੍ਰਧਾਨ ਮੰਤਰੀ ਨੇ ਆਪਣੀ ਚੁੱਪੀ ਨਾ ਤੋੜੀ ਤਾਂ ਸ਼ਾਇਦ ਭਾਰਤ ਬੰਦ ਦੀ ਕਾਲ ਵੀ ਦਿੱਤੀ ਜਾ ਸਕਦੀ ਹੈ। ਇਸ ਮੌਕੇ ਹੋਸੰਨਾ ਪੰਜਾਬੀ ਮਨਿਸਟਰੀ ਦੇ ਮੀਤ ਪ੍ਰਧਾਨ ਪਾਸਟਰ ਲਿਆਕਤ ਮਸੀਹ ,ਕ੍ਰਿਸਚਿਅਨ ਪਾਸਟਰ ਐਸੋਸੀਏਸ਼ਨ ਦੇ ਪ੍ਰਧਾਨ ਜਸਪਾਲ ਮਸੀਹ, ਯੂਨਾਈਟਿਡ ਪੀਪਲ ਲੀਗ ਦੇ ਜਨਰਲ ਸਕੱਤਰ ਜੌਨ ਮਸੀਹ ਜੋਨੀ ਅਤੇ ਵਾਇਸ ਪ੍ਰਧਾਨ ਸੈਮਸਨ ਗਿੱਲ, ਐਚ.ਪੀ.ਐਮ ਦੇ ਜਨਰਲ ਸਕੱਤਰ ਪਾਸਟਰ ਹਰਬੰਸ ਲਾਲ ,ਪਾਸਟਰ ਤਰਸੇਮ ਕਲੇਰ, ਪਾਸਟਰ ਸੁਰਿੰਦਰ ਜੌਹਲ ਤੋਂ ਇਲਾਵਾ ਅਨੇਕ ਪਾਸਟਰ ਹਾਜ਼ਰ ਸਨ ।

# ਸੇਂਟ ਸੋਲਜਰ ਦੇ ਵਿਦਿਆਰਥੀਆਂ ਅਧਿਆਪਕਾਂ ਨੂੰ ਮੱਥਾ ਟੇਕ ਕੇ ਮਨਾਈ ਗੁਰੂ ਪੂਰਨਿਮਾ



**ਜਲੰਧਰ, (ਇਕਬਾਲ ਸਿੰਘ ਉੱਭੀ)** :-ਭਾਰਤੀ ਸੰਸਕ੍ਰਿਤੀ ਵਿਚ ਮਾਤਾ-ਪਿਤਾ ਤੋਂ ਬਾਅਦ ਗੁਰੂ ਅਤੇ ਫਿਰ ਦੇਵਤੇ ਨੂੰ ਸਥਾਨ ਦਿੱਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ 'ਮਾਤਾ-ਪਿਤਾ, ਗੁਰੂ, ਭਗਵਾਨ', ਗੁਰੂ ਜੀਵਨ ਦੇ ਮਾਰਗ ਦਰਸ਼ਕ ਹਨ, ਇਸ ਲਈ ਪੁਰਾਣਾਂ ਵਿੱਚ ਉਨ੍ਹਾਂ ਨੂੰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੇ ਬਰਾਬਰ ਮੰਨਿਆ ਗਿਆ ਹੈ। ਇਸ ਦਿਨ ਨੂੰ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਵੱਲੋਂ ਆਪਣੇ ਅਧਿਆਪਕਾਂ ਨੂੰ ਮੱਥਾ ਟੇਕ ਕੇ ਗੁਰੂ ਪੂਰਨਿਮਾ ਮਨਾਈ ਗਈ।

ਪ੍ਰਿੰਸੀਪਲ ਸੁਧਾਂਸ਼ੂ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿਦਿਆਰਥੀਆਂ ਚੈਰੀ, ਰੇਹਾਨ, ਹਰਸ਼ਿਤਾ, ਹਰਮਨ, ਬਿੱਟੂ, ਰੀਆ, ਹਰਗੁਨ, ਹੈਰੀ, ਰਿਚਾ, ਅਰਸ਼ਪ੍ਰੀਤ, ਸ਼ਗੁਨ, ਸਹਿਜ, ਹਰਸ਼ਿਤ, ਡਿੰਪਲ, ਮਾਨਿਆ ਆਦਿ ਨੇ ਧਰਤੀ 'ਤੇ ਗੁਰੂ ਸ਼ਬਦ ਲਿਖ ਕੇ ਉਨ੍ਹਾਂ ਨੂੰ ਮੱਥਾ ਟੇਕਿਆ ਅਤੇ ਹਰ ਸਮੇਂ ਉਨ੍ਹਾਂ ਦੀ ਅਗਵਾਈ ਕਰਨ ਲਈ ਧੰਨਵਾਦ ਪ੍ਰਗਟ ਕੀਤਾ। ਵਿਦਿਆਰਥੀਆਂ ਨੇ ਹਰ ਸਮੇਂ ਉਨ੍ਹਾਂ ਨੂੰ ਚੰਗੇ ਮਾੜੇ ਦਾ ਫਰਕ ਸਮਝਾਉਣ, ਨੈਤਿਕ ਕਦਰਾਂ-ਕੀਮਤਾਂ ਨਾਲ ਜੋੜੀ ਰੱਖਣ ਲਈ ਟੀਚਰਸ ਦਾ ਧੰਨਵਾਦ ਕੀਤਾ। ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਦੱਸਿਆ ਕਿ ਗੁਰੂ ਪੂਰਨਿਮਾ ਮਹਾਰਿਸ਼ੀ ਵੇਦ ਵਿਆਸ ਨੂੰ ਸਮਰਪਿਤ ਹੈ। ਮਹਾਰਿਸ਼ੀ ਵੇਦ ਵਿਆਸ ਜੀ ਦਾ ਜਨਮ ਹਾੜ੍ਹ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਹੋਇਆ ਸੀ, ਉਨ੍ਹਾਂ ਨੂੰ ਸਾਰੀ ਮਨੁੱਖ ਜਾਤੀ ਦੇ ਪਹਿਲੇ ਗੁਰੂ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਨੇ ਮਹਾਭਾਰਤ ਦੀ ਰਚਨਾ ਕੀਤੀ ਸੀ। ਸ਼੍ਰੀਮਤੀ ਚੋਪੜਾ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ।

# ਪੁਤਲਾ ਕਾਲੋਨੀ 'ਚ ਰੱਖ ਕੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** -ਸਥਾਨਕ ਰਣਜੀਤਗੜ੍ਹ ਕਲੋਨੀ ਵਿਖੇ ਬੀਤੀ ਰਾਤ ਕਿਸੇ ਸ਼ਰਾਰਤੀ ਅਨਸਰ ਵੱਲੋਂ ਇੱਕ ਪੁਤਲਾ ਬਣਾ ਕੇ ਕਾਲੋਨੀ ਵਿਚ ਰੱਖ ਕੇ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ। ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਪਰਮਜੀਤ ਸਿੰਘ ਨੇ ਦੱਸਿਆ ਕਿ ਕਿਸੇ ਸ਼ਾਰਤੀ ਅਨਸਰ ਨੇ ਕਲੋਨੀ ਵਿੱਚ ਇੱਕ ਵੱਡਾ ਪੁਤਲਾ ਨਾਲ ਇੱਕ ਪਟਰੋਲ ਦੀ ਬੋਤਲ ਅਤੇ ਦੀਵਾ ਜਲਾ ਕੇ ਕਾਲੋਨੀ ਵਿਚ ਰੱਖ ਦਿੱਤਾ। ਜਿਸ ਕਰਕੇ ਪੂਰੀ ਕਾਲੋਨੀ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ। ਕਲੋਨੀ ਵਾਸੀਆਂ ਨੇ ਥਾਣਾ ਸ੍ਰੀ ਚਮਕੌਰ ਸਾਹਿਬ ਨੂੰ ਸੂਚਨਾ ਦਿੱਤੀ।

# ਜ਼ਿਲ੍ਹੇ ਵਿਚਲੇ ਆਮ ਆਦਮੀ ਕਲੀਨਿਕ ਲੋਕਾਂ ਲਈ ਬਣੇ ਵਰਦਾਨ : ਡੀ ਸੀ



**ਐੱਸ.ਏ.ਐੱਸ. ਨਗਰ (ਗੁਰਜੀਤ ਬਿੱਲਾ)**-ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਸ਼੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਸਿਹਤ ਖੇਤਰ ਵਿਚ ਇੱਕ ਵੱਡੀ ਪੁਲਾਂਘ ਸਾਬਿਤ ਹੋਈ ਹੈ। ਪੰਜਾਬ ਸਰਕਾਰ ਦੁਆਰਾ ਜ਼ਿਲ੍ਹੇ ਵਿੱਚ ਬਣਾਏ ਆਮ ਆਦਮੀ ਕਲੀਨਿਕਾਂ ਦਾ ਲਾਹਾ ਰੋਜ਼ਾਨਾ ਹਜ਼ਾਰਾਂ ਆਮ ਲੋਕ ਲੈ ਰਹੇ ਹਨ, ਜਿਸ ਤਹਿਤ ਹਰ ਤਰ੍ਹਾਂ ਦੀ ਦਵਾਈਆਂ ਤੇ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਐਸ.ਏ.ਐਸ. ਨਗਰ ਜ਼ਿਲ੍ਹੇ ਵਿੱਚ ਕਾਰਜਸ਼ੀਲ 34 ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ 03 ਲੱਖ 92 ਹਜ਼ਾਰ 924 ਮਰੀਜ਼ਾਂ ਦਾ ਸਫ਼ਲਤਾਪੂਰਵਕ ਮੁਫ਼ਤ ਇਲਾਜ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਕਰੀਬ 45 ਹਜ਼ਾਰ 814 ਮਰੀਜ਼ਾਂ ਦੇ ਮੁਫ਼ਤ ਲੈਬ ਟੈਸਟ ਵੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਮੁਫ਼ਤ ਮੁੱਢਲੀਆਂ ਸਿਹਤ ਸਹੂਲਤਾਂ, ਚੈਕਅੱਪ ਅਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿੱਥੇ ਹਜ਼ਾਰਾਂ ਮਰੀਜ਼ ਬਿਨਾਂ ਕਿਸੇ ਦਿੱਕਤ ਦੇ ਆਪਣੇ ਘਰਾਂ ਦੇ ਨੇੜੇ ਚੈਕਅੱਪ ਅਤੇ ਦਵਾਈ ਦੀ ਮੁੱਢਲੀ ਸਿਹਤ ਸਹੂਲਤਾਂ ਦਾ ਲਾਭ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿਖੇ 78 ਤਰ੍ਹਾਂ ਦੀਆਂ ਦਵਾਈਆਂ ਉਪਲਬਧ ਕਰਵਾਉਣ ਤੋਂ ਇਲਾਵਾ ਐਚ.ਬੀ., ਬਲੱਡ ਸ਼ੂਗਰ, ਬਲੱਡ ਗਰੁੱਪ, ਐਚ. ਆਈ.ਵੀ., ਐਚ.ਸੀ.ਵੀ. (ਕਾਲਾ ਪੀਲੀਆ), ਐਚ.ਬੀ.ਐਸ.ਏ.ਜੀ. (ਜਿਗਰ ਦੀਆਂ ਬਿਮਾਰੀਆਂ ਨਾਲ ਸਬੰਧਤ), ਵੀ.ਡੀ.ਆਰ.ਐਲ. (ਗਰਭ ਦੌਰਾਨ ਜਾਂਚ), ਪਿਸ਼ਾਬ ਰਾਹੀਂ ਸ਼ੂਗਰ ਦੀ ਜਾਂਚ, ਪਿਸ਼ਾਬ ਰਾਹੀਂ ਅਲਬੂਮੇਨ ਦੀ (ਪੀਲੀਆ) ਜਾਂਚ, ਪਿਸ਼ਾਬ ਰਾਹੀਂ ਗਰਭ ਦੀ ਜਾਂਚ, ਖੂਨ ਰਾਹੀਂ ਮਲੇਰੀਆ ਦੀ ਜਾਂਚ ਆਦਿ ਟੈਸਟ ਮੁਫ਼ਤ ਕੀਤੇ ਜਾਂਦੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਨੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹਸਪਤਾਲਾਂ ਵਿੱਚ ਇਲਾਜ ਲਈ ਲੰਬਾ ਇੰਤਜ਼ਾਰ ਕਰਨ ਦੀ ਪ੍ਰੇਸ਼ਾਨੀ ਨੂੰ ਘਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਦੇ ਖੁੱਲ੍ਹਣ ਨਾਲ ਸਰਕਾਰੀ ਹਸਪਤਾਲਾਂ ਵਿੱਚ ਓ.ਪੀ.ਡੀ. ਦਾ ਦਬਾਅ ਪਹਿਲਾਂ ਤੋਂ ਘਟਿਆ ਹੈ, ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮੁਫ਼ਤ ਦਵਾਈਆਂ ਅਤੇ ਚੈਕਅੱਪ ਦੀ ਸਹੂਲਤ ਮਿਲ ਰਹੀ ਹੈ।

ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲ ਵੀ ਹੁਣ ਓ.ਪੀ.ਡੀ. ਦੇ ਬੋਝ ਤੋਂ ਕਾਫੀ ਹੱਦ ਤੱਕ ਮੁਕਤ ਹੋ ਰਹੇ ਹਨ ਅਤੇ ਮਾਹਿਰ ਡਾਕਟਰ ਅਤੇ ਮੈਡੀਕਲ ਸਟਾਫ਼ ਲਗਾਤਾਰ ਗੰਭੀਰ ਮਰਜ਼ ਵਾਲੇ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ।

# ਪੰਜਾਬੀ ਮੰਚ ਦੀ ਮੀਟਿੰਗ 'ਚ ਰੋਸ ਪ੍ਰਦਰਸ਼ਨ ਦਾ ਐਲਾਨ



**ਚੰਡੀਗੜ੍ਹ, ( ਗੁਰਜੀਤ ਬਿੱਲਾ)**-

ਯੂ.ਟੀ. ਚੰਡੀਗੜ੍ਹ ਵਿੱਚ ਮਾਂ ਬੋਲੀ ਪੰਜਾਬੀ ਨੂੰ ਪਹਿਲੀ ਅਤੇ ਪ੍ਰਸ਼ਾਸਨਿਕ ਭਾਸ਼ਾ ਦਾ ਦਰਜਾ ਦਿਵਾਉਣ ਲਈ ਯਤਨਸ਼ੀਲ ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਕੀਤੇ ਜਾ ਰਹੇ ਸੁਹਿਰਦ ਯਤਨਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਹੁਣ 28 ਅਗਸਤ, 2023 ਨੂੰ ਫਿਰ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਰੋਸ ਪ੍ਰਦਰਸ਼ਨ ਸਬੰਧੀ ਸੈਕਟਰ 28 ਦੇ ਗੁਰਦੁਆਰਾ ਸ਼ਾਹਪੁਰ ਵਿਖੇ ਕੀਤੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਚੰਡੀਗੜ੍ਹ ਪੰਜਾਬੀ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਸੁੱਖਾ ਹੱਲੋਮਾਜਰਾ ਅਤੇ ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ ਨੇ ਦੱਸਿਆ ਕਿ 28 ਅਗਸਤ ਨੂੰ ਸੈਕਟਰ 34 ਸਥਿਤ ਪਿਕਾਡਲੀ ਚੌਂਕ (ਜੇ.ਡਬਲਿਯੂ.ਮੈਰੀਅਟ ਹੋਟਲ ਦੇ ਸਾਹਮਣੇ) ਵਿੱਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਇਸ ਦੇ ਮੱਦੇਨਜ਼ਰ ਹੁਣ ਦੋ ਮਹੀਨੇ ਲਗਾਤਾਰ ਚੰਡੀਗੜ੍ਹ ਦੇ ਵੱਖ-ਵੱਖ ਪਿੰਡਾਂ ਸਮੇਤ ਵੱਖ-ਵੱਖ ਜਥੇਬੰਦੀਆਂ, ਗੁਰਦੁਆਰਾ ਸਾਹਿਬਾਨ, ਲੇਖਕ ਸਭਾਵਾਂ, ਕਿਸਾਨ ਜਥੇਬੰਦੀਆਂ, ਪੇਂਡੂ ਸੰਘਰਸ਼ ਕਮੇਟੀ ਚੰਡੀਗੜ੍ਹ ਆਦਿ ਦੇ ਸਹਿਯੋਗ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ ਅਤੇ ਵੱਧ ਤੋਂ ਵੱਧ ਲੋਕਾਂ ਨੂੰ 28 ਅਗਸਤ ਦੇ ਰੋਸ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੰਚ ਵੱਲੋਂ ਪੰਜਾਬੀ ਭਾਸ਼ਾ ਦੇ ਮਾਣ ਸਨਮਾਨ ਦੀ ਬਹਾਲੀ ਲਈ ਕੀਤੇ ਜਾ ਰਹੇ ਸੰਘਰਸ਼ ਕਾਫ਼ੀ ਜ਼ਿਆਦਾ ਸਫ਼ਲ ਹੋ ਰਹੇ ਹਨ। ਪਿਛਲੇ ਮਹੀਨੇ 1 ਜੂਨ ਨੂੰ ਕੀਤੇ ਗਏ ਪੈਦਲ ਰੋਸ ਮਾਰਚ ਵਿੱਚ ਪੰਜਾਬੀ ਹਿਤੈਸ਼ੀਆਂ ਦੀ ਸ਼ਮੂਲੀਅਤ ਨੇ ਇਹ ਸਾਬਿਤ ਕਰ ਦਿੱਤਾ ਕਿ ਮਾਂ ਬੋਲੀ ਪ੍ਰਤੀ ਜਾਗਰੂਕਤਾ ਵਧ ਰਹੀ ਹੈ।

ਮੀਟਿੰਗ ਦੇ ਸ਼ੁਰੂ ਵਿੱਚ 1 ਜੂਨ ਨੂੰ ਕੱਢੇ ਗਏ ਪੈਦਲ ਰੋਸ ਮਾਰਚ ਬਾਰੇ ਤਸੱਲੀ ਪ੍ਰਗਟਾਈ ਗਈ ਅਤੇ ਉਸ ਰੋਸ ਮਾਰਚ ਵਾਸਤੇ ਲੰਗਰ ਅਤੇ ਚਾਹ ਪਾਣੀ ਦੇ ਕੀਤੇ ਗਏ ਪ੍ਰਬੰਧਾਂ ਬਾਰੇ ਧੰਨਵਾਦ ਵੀ ਕੀਤਾ ਗਿਆ। ਮੀਟਿੰਗ ਵਿੱਚ ਪੇਂਡੂ ਸੰਘਰਸ਼ ਕਮੇਟੀ ਚੰਡੀਗੜ੍ਹ ਦੇ ਸਰਪ੍ਰਸਤ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ, ਬਾਬਾ ਸਾਧੂ ਸਿੰਘ ਸਾਰੰਗਪੁਰ, ਸਕੱਤਰ ਗੁਰਪ੍ਰੀਤ ਸਿੰਘ ਸੋਮਲ, ਸ਼ਰਨਜੀਤ ਸਿੰਘ ਬੈਦਵਾਨ ਰਾਏਪੁਰ ਕਲਾਂ, ਤਰਕਸ਼ੀਲ ਸੋਸਾਇਟੀ ਤੋਂ ਜੋਗਾ ਸਿੰਘ, ਪੰਜਾਬੀ ਲੇਖਕ ਸਭਾ ਤੋਂ ਆਰਟਿਸਟ ਬਲਕਾਰ ਸਿੰਘ ਸਿੱਧੂ, ਆਰਟਿਸਟ ਨੀਤੂ, ਪਰਵਿੰਦਰ ਸਿੰਘ ਧਨਾਸ, ਸ਼ਮਸ਼ੇਰ ਸਿੰਘ ਸੈਕਟਰ 30, ਪ੍ਰਿਤਪਾਲ ਸਿੰਘ, ਨੱਥਾ ਸਿੰਘ ਆਦਿ ਵੀ ਹਾਜ਼ਰ ਹੋਏ।

# ਪੈਰਾ-ਮੈਡੀਕਲ ਕਾਲਜ ਦੇ ਵਿਦਿਅਕ ਵਰ੍ਹੇ ਮੌਕੇ ਧਾਰਮਿਕ ਸਮਾਗਮ

**ਟਾਂਡਾ ਉੜਮੁੜ, ( ਉਂਕਾਰ ਸਿੰਘ, ਜਸਵਿੰਦਰ )** ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਪੈਰਾ ਮੈਡੀਕਲ ਕਾਲਜ ਦੇ ਨਵੇਂ ਵਿਦਿਅਕ ਵਰ੍ਹੇ ਦੀ ਅਰੰਭਤਾ ਕੀਤੀ ਗਈ। ਇਸ ਮੌਕੇ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਸੰਤ ਬਾਬਾ ਜਰਨੈਲ ਸਿੰਘ ਮੋਹਨ ਮਾਜਰਾ ਚੰਡੀਗੜ੍ਹ , ਭਾਈ ਸੁਖਜਿੰਦਰ ਸਿੰਘ ਨੰਗਲ ਖੂੰਗਾ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀਂ ਨਿਹਾਲ ਕਰਦੇ ਹੋਏ ਜਨਮ ਵਿੱਚ ਸਿੱਖਿਆ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪ੍ਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ, ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਜੀ. ਆਰ.ਡੀ ਸਿੱਖਿਆ ਸੰਸਥਾਵਾਂ ਵੱਲੋਂ ਸਿੱਖਿਆ ਦੇ ਖੇਤਰ ਵਿਚ ਕੀਤੇ ਜਾ ਰਹੇ ਕਾਰਜਾਂ ਸਬੰਧੀ ਜਾਣਕਾਰੀ ਦਿੱਤੀ।

ਇਸ ਮੌਕੇ ਪ੍ਰਿੰਸੀਪਲ ਅਮਨਦੀਪ ਕੌਰ ਨੇ ਵਿਦਿਆਰਥੀਆਂ ਨੂੰ ਜੇ ਪਟਵਾਰੀ ਦੀ ਮੁਬਾਰਕਬਾਦ ਦਿੱਤੀ ਅਤੇ ਜ਼ਿੰਦਗੀ ਵਿਚ ਉੱਚੇ ਮੁਕਾਮ ਹਾਸਲ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਦਲਜਿੰਦਰ ਕੌਰ ,ਰੇਨੂੰ ਸ਼ਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਅਮਨਦੀਪ ਕੌਰ, ਸਿਮਰਨ ਕੌਰ, ਪਰਦੀਪ ਕੌਰ, ਸਰਬਜੀਤ ਕੌਰ, ਮਨਪ੍ਰੀਤ ਕੌਰ, ਮਨਦੀਪ ਕੌਰ ਆਦਿ ਵੀ ਮੌਜੂਦ ਸਨ ।

